# ਕੈਨੇਡਾ ਪੰਜਾਬ ਲਿੰਕ

WEEKLY NEWSPAPER VOL. : 11 ISSUE : 26 SATURDAY, 1 JULY, 2023

www.punjablinkpaper.com 604-503-5465



MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
● Residential Mortgage
● Construction Mortgage
● Commercial Loan
● Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
• ਲਾਇਫ ਇੰਸ਼ੋਰੈਂਸ • ਟ੍ਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• RESP,RRSP's
• ਮੋਰਟਗੇਜ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
• ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com


## ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕੈਨੇਡੀਅਨ ਸਾਥੀਆਂ ਨਾਲੋਂ ਮੁਸ਼ਕਿਲ ਨੌਕਰੀ ਦੀਆਂ ਸੰਭਾਵਨਾਵਾਂ ਦਾ ਸਾਹਮਣਾ



ਵੈਨਕੂਵਰ ਤੇ ਕੈਲਗਰੀ-ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵਧ ਰਹੀ ਆਮਦ ਨੇ ਕੈਨੇਡਾ ਨੂੰ ਸੰਭਾਵੀ ਨਾਗਰਿਕਾਂ, ਵਿੰਭਿੰਨਤਾ ਵਾਲੇ ਕੈਂਪਸ ਤੇ ਵਿਦਿਆਰਥੀਆਂ ਵਲੋਂ ਦਿੱਤੀਆਂ ਜਾਣ ਵਾਲੀਆਂ ਟਿਊਸ਼ਨ ਫੀਸਾਂ ਨੇ ਬਹੁਤ ਜ਼ਿਆਦਾ ਲੋੜੀਂਦੇ ਪੈਸੇ ਨਾਲ ਮਾਲਾ ਮਾਲ ਕਰ ਦਿੱਤਾ ਹੈ ਪਰ ਇਕ ਹਜ਼ਾਰ ਤੋਂ ਵੀ ਜ਼ਿਆਦਾ ਇਨ੍ਹਾਂ ਵਿਦਿਆਰਥੀ ਵਿਚ ਕੀਤੇ ਨਵੇਂ ਅਧਿਐਨ ਵਿਚ ਪਾਇਆ ਗਿਆ ਕਿ ਇਹ ਪ੍ਰੋਗਰਾਮ ਸੰਸਥਾਵਾਂ ਅਤੇ ਮਾਲਕਾਂ ਲਈ ਚੰਗਾ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਨੌਕਰੀਆਂ ਲਈ ਐਂਟਰੀ ਪੱਧਰ ਦੇ ਕਾਮਿਆਂ ਨੂੰ ਤਿਆਰ ਕਰ ਰਹੀਆਂ ਹਨ ਜਿਨ੍ਹਾਂ ਨੂੰ ਕੈਨੇਡੀਅਨ ਕਰਨਾ ਨਹੀਂ ਚਾਹੁੰਦੇ ਪਰ ਇਹ ਪ੍ਰੋਗਰਾਮ ਵਿਦਿਆਰਥੀਆਂ ਖੁਦ ਲਈ *(ਬਾਕੀ ਸਫ਼ਾ 8 'ਤੇ)*

# ਬੀ.ਸੀ. ਪੋਰਟ ਯੂਨੀਅਨ ਵਲੋਂ 72 ਘੰਟੇ ਦੀ ਹੜਤਾਲ ਦਾ ਨੋਟਿਸ-7400 ਕਾਮੇ ਪ੍ਰਭਾਵਤ ਹੋਣਗੇ

ਵੈਨਕੂਵਰ-ਬੀਸੀ ਪੋਰਟ ਯੂਨੀਅਨ ਵਲੋਂ 72 ਘੰਟੇ ਦੀ ਹੜਤਾਲ ਦੇ ਨੋਟਿਸ ਨਾਲ 7400 ਕਾਮੇ ਪ੍ਰਭਾਵਤ ਹੋਣਗੇ। ਇਸ ਮਹੀਨੇ ਦੇ ਸ਼ੁਰੂ ਵਿਚ 99.24 ਫ਼ੀਸਦੀ ਯੂਨੀਅਨ ਮੈਂਬਰਾਂ ਨੇ ਹੜਤਾਲ ਦੇ ਪੱਖ ਵਿਚ ਵੋਟ ਦਿੱਤਾ ਸੀ। ਪ੍ਰੀਮੀਅਰ ਡੇਵਿਡ ਏਬੀ ਨੇ ਕਿਹਾ ਕਿ ਉਹ ਹੜਤਾਲ ਦੇ ਸੰਭਾਵੀ ਪ੍ਰਭਾਵਾਂ ਤੋਂ ਬਹੁਤ ਚਿੰਤਤ ਹੈ ਕਿਉਂਕਿ ਬੰਦਰਗਾਹ ਵਰਕਰਾਂ ਦੀ ਪ੍ਰਤੀਨਿਧਤਾ ਕਰਦੀ ਯੂਨੀਅਨ ਨੇ ਕਿਹਾ ਕਿ ਉਹ ਸਨਿਚਰਵਾਰ ਤੋਂ ਕੰਮ ਤੋਂ ਹਟ ਰਹੇ ਹਨ। ਇੰਟਰਨੈਸ਼ਨਲ ਲਾਂਗਸ਼ੋਰ ਐਂਡ ਵੇਅਰਹਾਊਸ ਯੂਨੀਅਨ ਕੈਨੇਡਾ ਵਲੋਂ 72 ਘੰਟੇ ਦੀ ਹੜਤਾਲ ਦਾ ਨੋਟਿਸ ਦਾ ਮਤਲਬ ਕਾਮੇ ਇਕ ਜੁਲਾਈ ਨੂੰ ਸ਼ਾਮ 8 ਵਜੇ ਤੋਂ ਕੰਮ ਤੋਂ ਛੁੱਟੀ ਕਰ ਸਕਦੇ ਹਨ। ਇਹ ਨੋਟਿਸ 7400 ਦੇ ਲਗਪਗ ਟਰਮੀਨਲ ਕਾਰਗੋ ਲੋਡਰਜ਼ ਅਤੇ ਬੀਸੀ ਦੀ 30 ਤੋਂ ਵੀ ਵੱਧ ਬੰਦਰਗਾਹਾਂ 'ਤੇ ਸੂਬੇ ਦੇ 49 ਵਾਟਰਫਰੰਟ ਮਾਲਕਾਂ ਨੂੰ ਪ੍ਰਭਾਵਤ ਕਰੇਗਾ। ਏਬੀ ਨੇ ਕਿਹਾ ਕਿ ਮਹਾਂਮਾਰੀ ਦੇ ਸਮੇਂ ਦੌਰਾਨ ਸਪਲਾਈ ਚੇਨਜ਼ ਵਿਚ ਵਿਘਨ ਪੈਣ ਕਾਰਨ ਬੀਸੀ ਵਾਸੀਆਂ ਨੇ ਪਹਿਲਾਂ ਹੀ ਲਾਗਤਾਂ ਵਿਚ ਵਾਧਾ ਦੇਖਿਆ ਹੈ। ਹੜਤਾਲ ਦੇ ਬ੍ਰਿਟਿਸ਼ ਕੋਲੰਬੀਆ ਲਈ ਲਾਗਤਾਂ ਦਾ ਕਾਰਨ ਬਣਨਾ ਮੇਰੇ ਲਈ ਬਹੁਤ ਚਿੰਤਾ ਵਾਲੀ ਗੱਲ ਹੈ ਉਹ ਵੀ ਉਸ ਸਮੇਂ ਜਦੋਂ ਸੂਬਾ ਵਾਸੀ ਇਸ ਦੀ ਮਾਰ ਨਹੀਂ ਸਹਿ ਸਕਦੇ। ਉਨ੍ਹਾਂ ਕਿਹਾ ਕਿ ਉਹ ਸੱਚਮੁੱਚ ਲਾਂਗਸ਼ੋਰ ਵਰਕਰਾਂ ਅਤੇ ਪੋਰਟ ਅਥਾਰਟੀ ਨੂੰ ਸਮਝੌਤਾ ਲਈ ਮੀਟਿੰਗ ਕਰਨ ਵਾਸਤੇ ਉਤਸ਼ਾਹਿਤ ਕਰ ਰਹੇ ਹਨ। ਉਹ ਫੈਡਰਲ ਸਰਕਾਰ ਨੂੰ ਵੀ ਇਸ ਫੈਡਰਲ ਜ਼ਿੰਮੇਵਾਰੀ ਵਾਲੇ ਮਹੱਤਵਪੂਰਣ ਖੇਤਰ ਵਿਚ ਸਮਝੌਤਾ ਕਰਵਾਉਣ ਲਈ ਦੋਵਾਂ ਧਿਰਾਂ ਦਾ ਸਮਰਥਨ ਕਰਨ ਲਈ ਉਤਸ਼ਾਹਿਤ ਕਰਦੇ ਹਨ। ਮਾਰਚ ਦੇ ਅਖੀਰ ਵਿਚ ਇਕਰਾਰਨਾਮਾ ਖਤਮ ਹੋਣ ਤੋਂ ਪਹਿਲਾਂ ਇਕ ਸਮਝੌਤੇ 'ਤੇ ਪਹੁੰਚਣ ਲਈ ਫਰਵਰੀ ਮਹੀਨੇ ਯੂਨੀਅਨ ਅਤੇ ਬੀਸੀ ਮੈਰੀਟਾਈਮ ਇੰਪਲਾਇਰਜ਼ ਐਸੋਸੀਏਸ਼ਨ ਵਿਚਕਾਰ ਸਮਝੌਤਾ ਗੱਲਬਾਤ ਸ਼ੁਰੂ ਹੋਈ ਸੀ। ਦੋਵਾਂ ਧਿਰਾਂ ਨੂੰ ਸੋਚ ਵਿਚਾਰ ਕਰਨ ਦਾ ਸਮਾਂ ਮਿਲਿਆ ਜਿਹੜਾ 21 ਜੂਨ ਨੂੰ ਖਤਮ ਹੋ ਗਿਆ।





For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਝਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com



ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
• ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
• ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca



BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955



A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222



Keep Smiling Denture Clinic
• Complete Denture • Implant Denture • Partial Denture
Care Home Mobile Service | ਮੁਫਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD CERTIFIED CLINICIAN
Gagan Chahal R.D.
Registered Denturist
Book Your Appointment
778-600-0811 13117-67A Ave, Surrey, BC
778-600-0810 2644 Cyril St Abbotsford BC



ਇੰਸ਼ੋਰੈਂਸ ਦੇ ਮਾਹਰ
AMAN INSURANCE
• ਲਾਇਫ ਇੰਸ਼ੋਰੈਂਸ
• ਸੁਪਰ ਵੀਜ਼ਾ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ
• ਵਿਜ਼ਟਰ ਇੰਸ਼ੋਰੈਂਸ
• ਟ੍ਰੈਵਲ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
• ਨੋਨ ਮੈਡੀਕਲ ਇੰਸ਼ੋਰੈਂਸ
• RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca



Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com



TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112



APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht
(Dentist)
TEL: 778-592-4400
apnadental.delta@gmail.com



ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey



ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S|T &|A Simpson, Thomas and Associates

# HAPPY CANADA DAY

## EMBRACING DIVERSITY, STRENGTHENING COMMUNITIES!




您好 你好
Mabuhay Xin chào
नमस्ते ਸਤ ਸ੍ਰੀ ਅਕਾਲ
안녕하세요

Google Verified Reviews ★★★★★

EXPERIENCE 50 YEARS EXPERIENCE

BBB ACCREDITED BUSINESS

## FAMILY LAW • ICBC CLAIMS • PERSONAL INJURY

## EMPLOYMENT LAW • IMMIGRATION • INSURANCE DENIAL

## SERVING ALL OF BRITISH COLUMBIA

Experienced Lawyers for all your legal needs.

Scan QR Code to set up a legal consultation

Book your consultation
604 689 8888
simpsonthomas.com

Surrey Office
701-13761 96th Avenue
Surrey, BC V3V 0E8

Vancouver Office
501 - 808 Nelson Street
Vancouver, BC V6Z 2H2

Follow us on
@stalawyers

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 26 SATURDAY, 1 JULY, 2023
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Radio Punjab
24 HOUR ONLINE RADIO
Available on the App Store
Google play
ਤਿੰਨ ਰੰਗ
7pm to 10pm
B.C. Time Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.com

## ਆਮ ਆਦਮੀ ਪਾਰਟੀ ਵਲੋਂ ਮੋਦੀ ਸਰਕਾਰ ਦੇ ਸਾਂਝੇ ਸਿਵਲ ਕੋਲਡ ਦੀ ਹਮਾਇਤ

ਨਵੀ ਦਿੱਲੀ (ਦਿਓਲ)-ਸਾਂਝੇ ਸਿਵਲ ਕੋਡ ਬਾਰੇ ਭਾਜਪਾ ਤੇ ਕਾਂਗਰਸ ਵਿਚ ਜਾਰੀ ਤਕਰਾਰ ਦਰਮਿਆਨ ਆਮ ਆਦਮੀ ਪਾਰਟੀ (ਆਪ) ਨੇ ਅੱਜ ਇਸ ਕੋਡ ਦੀ 'ਸਿਧਾਂਤਕ ਹਮਾਇਤ' ਦਾ ਐਲਾਨ ਕੀਤਾ ਹੈ। 'ਆਪ' ਦੇ ਕੌਮੀ ਜਨਰਲ ਸਕੱਤਰ ਡਾ. ਸੰਦੀਪ ਪਾਠਕ ਨੇ ਕਿਹਾ ਕਿ ਉਹ ਸਿਧਾਂਤਕ ਤੌਰ 'ਤੇ ਸਾਂਝੇ ਸਿਵਲ ਕੋਡ ਦੀ ਹਮਾਇਤ ਕਰਦੇ ਹਨ। ਉਨ੍ਹਾਂ ਕਿਹਾ ਕਿ ਕੋਡ ਨੂੰ ਸਿਆਸੀ ਪਾਰਟੀਆਂ ਤੇ ਗੈਰ-ਸਿਆਸੀ ਧਿਰਾਂ ਸਣੇ ਸਾਰੇ ਸਬੰਧਤ ਭਾਈਵਾਲਾਂ ਨਾਲ ਵਿਆਪਕ ਵਿਚਾਰ ਚਰਚਾ ਤੋਂ ਬਾਅਦ ਸਰਬਸੰਮਤੀ ਨਾਲ ਲਿਆਂਦਾ ਜਾਣਾ ਚਾਹੀਦਾ ਹੈ। 'ਆਪ' ਨੇ ਹਮਾਇਤ ਦਾ ਐਲਾਨ ਅਜਿਹੇ ਮੌਕੇ ਕੀਤਾ ਹੈ ਜਦੋਂ ਅਜੇ ਇਕ ਦਿਨ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਂਝੇ ਸਿਵਲ ਕੋਡ ਨੂੰ ਪੂਰੇ ਦੇਸ਼ ਵਿੱਚ ਲਾਗੂ ਕਰਨ ਦੀ ਜ਼ੋਰਦਾਰ ਵਕਾਲਤ ਕਰਦਿਆਂ ਕਿਹਾ ਸੀ ਕਿ ਇਕ ਦੇਸ਼ ਵਿਚ ਦੋ ਕਾਨੂੰਨ ਨਹੀਂ ਹੋ ਸਕਦੇ। ਉਂਜ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਪਾਰਟੀ, ਜੋ ਦਿੱਲੀ ਤੇ ਪੰਜਾਬ ਦੀ ਸੱਤਾ 'ਤੇ ਕਾਬਜ਼ ਹੈ, ਦੇ ਉਪਰੋਕਤ ਸਟੈਂਡ ਤੋਂ ਇਕ ਗੱਲ ਤਾਂ ਸਾਫ਼ ਹੋ ਗਈ ਹੈ ਕਿ ਵਿਰੋਧੀ ਧਿਰਾਂ ਵੱਲੋਂ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੇ ਟਾਕਰੇ ਲਈ ਇਕਜੁੱਟ ਹੋਣ ਲਈ ਕੀਤੇ ਜਾ ਰਹੇ ਯਤਨਾਂ ਦਰਮਿਆਨ ਉਹ ਸਿਆਸੀ ਤੌਰ 'ਤੇ ਸੰਵੇਦਨਸ਼ੀਲ ਮੁੱਦੇ ਨੂੰ ਲੈ ਕੇ ਇਕਮੱਤ ਨਹੀਂ ਹਨ। 'ਆਪ' ਆਗੂ ਸੰਦੀਪ ਪਾਠਕ ਨੇ ਕਿਹਾ, "ਸਾਡਾ ਮੰਨਣਾ ਹੈ ਕਿ ਸਾਨੂੰ ਅਜਿਹੇ ਮੁੱਦਿਆਂ 'ਤੇ ਸਾਰਿਆਂ ਦੀ ਸਹਿਮਤੀ ਨਾਲ ਹੀ ਅੱਗੇ ਵਧਣਾ ਚਾਹੀਦਾ ਹੈ। ਅਸੀਂ ਮੰਨਦੇ ਹਾਂ ਕਿ ਸਾਂਝੇ ਸਿਵਲ ਕੋਡ ਨੂੰ ਉਦੋਂ ਹੀ ਲਾਗੂ ਕੀਤਾ ਜਾਵੇ ਜਦੋਂ ਸਾਰੀਆਂ ਸਬੰਧਤ ਧਿਰਾਂ ਇਸ ਬਾਰੇ ਸਹਿਮਤ ਹੋਣ।" ਉਨ੍ਹਾਂ ਕਿਹਾ, "ਆਪ ਸਿਧਾਂਤਕ ਤੌਰ 'ਤੇ ਸਾਂਝੇ ਸਿਵਲ ਕੋਡ ਦੀ ਹਮਾਇਤ ਕਰਦੀ ਹੈ।

(ਬਾਕੀ ਸ.ਫਾ 8 'ਤੇ)

## ਭਾਰਤ ਕੈਨੇਡਾ ਵਿਚ ਖਾਲਿਸਤਾਨੀ ਸਰਗਰਮੀਆਂ ਖ਼ਿਲਾਫ਼ ਜਵਾਬੀ ਕਾਰਵਾਈ ਕਰਨ ਲਈ ਤਿਆਰ-ਜੈਸ਼ੰਕਰ



ਨਵੀਂ ਦਿੱਲੀ-ਵਿਦੇਸ਼ ਮੰਤਰੀ ਐੱਸ.ਜੈਸ਼ੰਕਰ ਨੇ ਕਿਹਾ ਕਿ ਕੈਨੇਡਾ ਸ਼ਾਇਦ ਆਪਣੀ 'ਵੋਟ ਬੈਂਕ ਸਿਆਸਤ' ਕਰਕੇ ਖਾਲਿਸਤਾਨ ਦੇ ਮਸਲੇ 'ਤੇ ਕਾਰਵਾਈ ਕਰਨ ਤੋਂ ਅਸਮਰੱਥ ਹੈ। ਉਨ੍ਹਾਂ ਕਿਹਾ ਕਿ ਖਾਲਿਸਤਾਨੀ ਸਰਗਰਮੀਆਂ ਕਰਕੇ ਜੇਕਰ ਭਾਰਤ ਦੀ ਸੁਰੱਖਿਆ ਤੇ ਪ੍ਰਭੂਸੱਤਾ 'ਤੇ ਕੋਈ ਅਸਰ ਪੈਂਦਾ ਹੈ ਤਾਂ ਭਾਰਤ ਨੂੰ ਜਵਾਬੀ ਕਾਰਵਾਈ ਕਰਨੀ ਪਏਗੀ। ਜੈਸ਼ੰਕਰ ਨੇ ਮੰਨਿਆ ਕਿ ਪਿਛਲੇ ਕੁਝ ਸਾਲਾਂ ਵਿਚ ਖਾਲਿਸਤਾਨ ਦੇ ਮੁੱਦੇ ਨੂੰ ਲੈ ਕੇ ਦੋਵਾਂ ਮੁਲਕਾਂ ਦੇ ਰਿਸ਼ਤੇ ਅਸਰਅੰਦਾਜ਼ ਹੋਏ ਹਨ। ਦੱਸ ਦੇਈਏ ਕਿ ਕੈਨੇਡਾ ਵੱਲੋਂ ਖਾਲਿਸਤਾਨ ਪੱਖੀ ਵੱਖਵਾਦੀਆਂ ਤੇ ਕੱਟੜਵਾਦੀ ਅਨਸਰਾਂ ਨੂੰ ਹਮਾਇਤ ਦਿੱਤੇ ਜਾਣ ਦਾ ਭਾਰਤ ਵੱਲੋਂ ਲਗਾਤਾਰ ਵਿਰੋਧ ਕੀਤਾ ਜਾਂਦਾ ਰਿਹਾ ਹੈ। ਜੈਸ਼ੰਕਰ ਨੇ ਕਿਹਾ, "ਸਾਡੇ ਲਈ ਵੱਡਾ ਫਿਕਰ ਹੈ ਕਿ ਕੈਨੇਡਾ ਖਾਲਿਸਤਾਨ ਦੇ ਮੁੱਦੇ ਨਾਲ ਕਿਵੇਂ ਸਿੱਝਦਾ ਹੈ ਕਿਉਂਕਿ ਮੈਂ ਸਾਫ਼ ਤੇ ਸਪਸ਼ਟ ਸ਼ਬਦਾਂ ਵਿੱਚ ਕਹਾਂਗਾ ਕਿ ਉਹ ਵੋਟ ਬੈਂਕ ਦੀ ਸਿਆਸਤ ਦੇ ਹਿਸਾਬ ਨਾਲ ਚੱਲਦੇ ਹਨ। ਉਹ ਸ਼ਾਇਦ ਵੋਟ ਬੈਂਕ ਦੀ ਸਿਆਸਤ ਕਾਰਨ ਮਜਬੂਰ ਹਨ।"

## ਕੈਨੇਡਾ ਨੇ ਇਸ ਸਾਲ ਹੁਣ ਤੱਕ 595 ਭਾਰਤੀਆਂ ਦੀਆਂ ਸਟੱਡੀ ਪਰਮਿਟ ਅਰਜ਼ੀਆਂ ਰੱਦ ਕੀਤੀਆਂ

ਨਵੀਂ ਦਿੱਲੀ-ਇਮੀਗ੍ਰੇਸ਼ਨ ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਦੇ ਅੰਕੜਿਆਂ ਅਨੁਸਾਰ ਭਾਰਤ ਤੋਂ ਕੁੱਲ 7,528 ਸਟੱਡੀ ਪਰਮਿਟ ਅਰਜ਼ੀਆਂ ਨੂੰ ਕੈਨੇਡੀਅਨ ਅਧਿਕਾਰੀਆਂ ਨੇ ਜਨਵਰੀ 2018 ਤੋਂ ਮਈ 2023 ਦਰਮਿਆਨ ਰੱਦ ਕੀਤਾ ਹੈ। ਅਜਿਹਾ ਇਨ੍ਹਾਂ ਅਰਜ਼ੀਆਂ ਦੇ ਫਰਜ਼ੀ ਹੋਣ ਦੇ ਸਬੂਤ ਮਿਲਣ ਬਾਅਦ ਕੀਤਾ ਗਿਆ। ਇਸ ਸਾਲ 31 ਮਈ ਤੱਕ ਭਾਰਤੀ ਵਿਦਿਆਰਥੀਆਂ ਦੀਆਂ ਕੁੱਲ ਅਰਜ਼ੀਆਂ ਵਿੱਚੋਂ 595 ਨੂੰ ਨਾਮਨਜ਼ੂਰ ਕੀਤਾ ਗਿਆ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸਪੰਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 — WAGES:$24-$28 PER HOUR
HEALTH CARE ASSISTANT $5250 — WAGES:$17-$26.50 PER HOUR
PHARMACY ASSISTANT $5500 — WAGES:$19.61-$27.30 PER HOUR
CERTIFIED DENTAL ASSISTANT $14,000 — WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey — Unit 201-8318 120 St.
Abbotsford — Unit 201-3670 Townline Rd.
South Surrey — Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੇਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com


So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਵਿਦਿਆਰਥੀ ਨਾਲ ਅਣਉਚਿੱਤ ਸਬੰਧਾਂ ਕਾਰਨ ਅਧਿਆਪਕ ਬਰਖਾਸਤ

ਵਿਕਟੋਰੀਆ-ਇਕ ਅਧਿਆਪਕ ਨੇ ਵਿਦਿਆਰਥੀ ਨੂੰ ਆਪਣੇ ਨਾਲ ਰਹਿਣ ਲਈ ਸੱਦਾ ਦੇਣ ਅਤੇ ਹੋਰ ਅਣਉਚਿੱਤ ਵਸਤਾਂ ਦੇ ਨਾਲ ਜਿਣਸੀ ਤੋਹਫੇ ਖਰੀਦਣ ਕਾਰਨ ਆਪਣਾ ਲਾਇਸੰਸ ਖੋਹ ਦਿੱਤਾ ਹੈ। ਬੀਸੀ ਦੇ ਅਧਿਆਪਕ ਨੇ ਇਕ ਵਿਦਿਆਰਥੀ ਨਾਲ ਅਣਉਚਿੱਤ ਤੇ ਜਿਣਸੀ ਸੋਸ਼ਣ ਵਾਲੇ ਸਬੰਧਾਂ ਨੂੰ ਲੈ ਕੇ ਆਪਣੀ ਨੌਕਰੀ ਗੁਆ ਦਿੱਤੀ ਹੈ। ਆਨਲਾਈਨ ਪੋਸਟ ਕੀਤੇ ਗਏ ਸਹਿਮਤੀ ਵਾਲੇ ਸੰਕਲਪ ਸਮਝੌਤੇ ਵਿਚ ਅਧਿਆਪਕ ਨੇ ਸਵੀਕਾਰ ਕੀਤਾ ਕਿ ਉਸ ਨੇ ਕਈ ਮਹੀਨੇ ਅਧਿਆਪਕ ਦੇ ਘਰ ਰਹਿਣ ਲਈ ਵਿਦਿਆਰਥੀ ਨੂੰ ਸੱਦਾ ਦਿੱਤਾ। ਮਾਤਾ-ਪਿਤਾ-ਬੱਚੇ ਦਾ ਰਿਸ਼ਤਾ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਗਈ। ਵਿਦਿਆਰਥੀ ਦੀ ਮਾਂ ਸਮੇਤ ਵਿਦਿਆਰਥੀ ਦੇ ਜੀਵਨ ਵਿਚ ਦੂਸਰਿਆਂ ਬਾਰੇ ਨਾਂਹਪੱਖੀ ਟਿੱਪਣੀਆਂ ਕੀਤੀਆਂ। ਵਿਦਿਆਰਥੀ ਦੀ ਜਿੰਦਗੀ ਦੇ ਹਰੇਕ ਪਹਿਲੂ 'ਤੇ ਪ੍ਰਭਾਵ ਪਾਉਣ ਤੇ ਕੰਟਰੋਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਵਿਦਿਆਰਥੀ ਦੇ ਪੈਸੇ ਤੇ ਦੂਸਰੀਆਂ ਵਸਤਾਂ ਆਪਣੇ ਕੋਲ ਰੱਖੀਆਂ। ਜਿਣਸੀ ਕਿਸਮ ਦੀਆਂ ਟਿੱਪਣੀਆਂ ਕੀਤੀਆਂ ਗਈਆਂ ਅਤੇ ਵਿਦਿਆਰਥੀ ਤੋਹਫੇ ਖਰੀਦੇ ਜਿਹੜੇ ਸਪਸ਼ਟ ਰੂਪ ਵਿਚ ਜਿਣਸੀ ਕਿਸਮ ਦੇ ਸਨ। ਦਸੰਬਰ 2022 ਵਿਚ ਸਕੂਲ ਡਿਸਟ੍ਰਿਕਟ ਨੇ ਅਧਿਆਪਕ ਨੂੰ 10 ਦਿਨ ਲਈ ਮੁਅੱਤਲ ਕਰਕੇ ਅਨੁਸ਼ਾਸਿਤ ਕੀਤਾ ਸੀ ਅਤੇ ਟੀਚਰ ਰੈਗਲੇਸ਼ਨ ਬਾਰੇ ਬੀਸੀ ਕਮਿਸ਼ਨਰ ਨੇ ਜਨਵਰੀ ਵਿਚ ਜਾਂਚ ਸ਼ੁਰੂ ਕੀਤੀ ਸੀ।






# ਬੀਸੀ ਡੈਮੋਕਰੈਟਸ ਨੇ ਵੈਨਕੂਵਰ ਦੀਆਂ ਦੋ ਸੀਟਾਂ 'ਤੇ ਜ਼ਿਮਨੀ ਚੋਣ ਜਿੱਤੀ

ਲੈਂਗਫੋਰਡ-ਬ੍ਰਿਟਿਸ਼ ਕੋਲੰਬੀਆ ਦੀ ਨਿਊ ਡੈਮੋਕਰੈਟਸ ਨੇ ਦੱਖਣੀ ਵੈਨਕੂਵਰ ਆਈਲੈਂਡ ਅਤੇ ਡਾਊਨਟਾਊਨ ਵੈਨਕੂਵਰ ਵਿਚ ਦੋ ਸੀਟਾਂ 'ਤੇ ਜ਼ਿਮਨੀ ਚੋਣਾਂ ਵਿਚ ਜਿੱਤ ਹਾਸਲ ਕੀਤੀ ਹੈ। ਇਹ ਦੋਵੇਂ ਸੀਟਾਂ ਇਸ ਸਾਲ ਦੇ ਸ਼ੁਰੂ ਵਿਚ ਸਾਬਕਾ ਪ੍ਰੀਮੀਅਰ ਅਤੇ ਕੈਬਨਿਟ ਮੰਤਰੀ ਨੇ ਖਾਲੀ ਕੀਤੀਆਂ ਸਨ। ਵੈਨਕੂਵਰ-ਮਾਊਂਟ ਪਲੀਜੈਂਟ ਹਲਕੇ ਤੋਂ ਕਮਿਊਨਿਟੀ ਕਾਰਕੁਨ ਜੋਆਨ ਫਿਲਪ ਨੇ ਵੱਡੇ ਫਰਕ ਨਾਲ ਜਿੱਤ ਹਾਸਲ ਕੀਤੀ ਅਤੇ ਉਨ੍ਹਾਂ ਨੂੰ ਲਗਪਗ 68 ਫ਼ੀਸਦੀ ਵੋਟਾਂ ਮਿਲੀਆਂ ਜਦਕਿ ਰਵੀ ਪਰਮਾਰ ਦੱਖਣੀ ਵੈਨਕੂਵਰ ਦੇ ਹਲਕੇ ਲੈਂਗਫੋਰਡ-ਜੁਆਨ ਡੀ ਫੂਕਾ ਤੋਂ 53 ਫ਼ੀਸਦੀ ਵੋਟਾਂ ਨਾਲ ਚੁਣੇ ਗਏ। ਦੋਵਾਂ ਹਲਕਿਆਂ ਵਿਚੋਂ ਲੈਂਗਫੋਰਡ ਦੀ ਸੀਟ ਸਾਬਕਾ ਪ੍ਰੀਮੀਅਰ ਜੌਹਨ ਹੌਰਗਨ ਕੋਲ ਸੀ ਅਤੇ ਵੈਨਕੂਵਰ-ਮਾਊਂਟ ਪਲੀਜ਼ੈਂਟ ਦੀ ਸਾਬਕਾ ਕੈਬਨਿਟ ਮੰਤਰੀ ਮੇਲਾਨੀਆ ਮਾਰਕ ਪ੍ਰਤੀਨਿਧਤਾ ਕਰਦੇ ਸਨ। ਇਹ ਸੀਟ ਐਨਡੀਪੀ ਦਾ ਗੜ੍ਹ ਮੰਨੀ ਜਾਂਦੀ ਹੈ। ਹੌਰਗਨ ਐਨਡੀਪੀ ਦੇ ਲੈਂਗਫੋਰਡ ਜੁਆਨ-ਡੀ ਫੂਕਾ ਮੁਹਿੰਮ ਹੈਡਕੁਆਟਰਜ਼ ਵਿਖੇ ਜਿੱਤ ਦੇ ਜਸ਼ਨਾ ਵਿਚ ਸ਼ਾਮਿਲ ਹੋਏ ਜਿਥੇ ਉਨ੍ਹਾਂ ਨੇ ਕਮਰੇ ਦੇ ਸਾਹਮਣੇ ਚਾਕਬੋਰਡ 'ਤੇ ਚੋਣ ਨਤੀਜੇ ਪੋਸਟ ਕਰਨ ਦਾ ਅਨੰਦ ਮਾਣਿਆਂ।

# ਪੁਲਿਸ ਦੀ ਕਾਰ ਨੂੰ ਟੱਕਰ ਮਾਰਨ ਪਿਛੋਂ ਡਰਾਈਵਰ ਗ੍ਰਿਫ਼ਤਾਰ

ਸਰੀ-ਸੋਮਵਾਰ ਬਾਅਦ ਦੁਪਹਿਰ ਨੌਰਥ ਡੈਲਟਾ ਵਿਚ ਪੁਲਿਸ ਦੀ ਕਾਰ ਨੂੰ ਟੱਕਰ ਮਾਰਨ ਪਿੱਛੋਂ ਇਕ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਡੀਪੀਡੀ ਦੀ ਪ੍ਰੈਸ ਰਿਲੀਜ਼ ਮੁਤਾਬਿਕ 26 ਜੂਨ ਨੂੰ ਦੁਪਹਿਰ ਇਕ ਵਜੇ ਦੇ ਕਰੀਬ 911 'ਤੇ ਫੋਨ ਕਾਲ ਆਉਣ ਪਿਛੋਂ ਅਧਿਕਾਰੀ ਇਕ ਡਰਾਈਵਰ ਦੀ ਭਾਲ ਕਰਨ ਲੱਗੇ ਜਿਹੜਾ ਪ੍ਰੇਸ਼ਾਨ ਹੋ ਸਕਦਾ ਹੈ ਜਾਂ ਡਰੱਗ ਜਾਂ ਸ਼ਰਾਬ ਦੇ ਨਸ਼ੇ ਵਿਚ ਹੋ ਸਕਦਾ ਹੈ। ਨੋਡਲ ਵੇਅ 'ਤੇ ਪੁਲਿਸ ਨੇ ਸ਼ੱਕੀ ਵਾਹਨ ਦਾ ਪਤਾ ਲਗਾਇਆ ਅਤੇ ਦੁਪਹਿਰ 2 ਵਜੇ ਦੇ ਕਰੀਬ ਕਾਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਡਰਾਈਵਰ ਮੋਟਰ ਗੱਡੀ ਰੋਕਣ ਵਿਚ ਨਾਕਾਮ ਰਿਹਾ ਅਤੇ ਕਾਰ ਪੁਲਿਸ ਦੀ ਕਾਰ ਵਿਚ ਮਾਰ ਦਿੱਤੀ। ਟੱਕਰ ਦੇ ਸਿੱਟੇ ਵਜੋਂ ਕਾਰ ਰੁਕ ਗਈ ਅਤੇ ਅਧਿਕਾਰੀਆਂ ਨੇ ਡਰਾਈਵਰ ਨੂੰ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰੀ ਦੌਰਾਨ ਡਰਾਈਵਰ ਮਾਮੂਲੀ ਜ਼ਖ਼ਮੀ ਹੋ ਗਿਆ ਅਤੇ ਉਸ ਦਾ ਪੈਰਾਮੈਡਿਕਸ ਨੇ ਇਲਾਜ ਕੀਤਾ। ਦੋਵੇਂ ਮੋਟਰ ਗੱਡੀਆਂ ਨੂੰ ਟੱਕਰ ਨਾਲ ਮਾਮੂਲੀ ਨੁਕਸਾਨ ਪੁੱਜਾ।




## ਰੋਡਰਿਗਜ਼ ਅਜੇ ਵੀ ਤਕਨੀਕੀ ਕੰਪਨੀਆਂ ਨਾਲ ਸੀ-18 ਸਮਝੌਤਿਆਂ ਬਾਰੇ ਆਸਵੰਦ

ਓਟਵਾ-ਪਾਬਲੋ ਰੋਡਰਿਗਜ਼ ਦਾ ਕਹਿਣਾ ਕਿ ਉਹ ਆਸ਼ਾਵਾਦੀ ਹਨ ਕਿ ਉਹ ਗੂਗਲ ਤੇ ਫੇਸਬੁੱਕ ਨਾਲ ਸਮਝੌਤੇ 'ਤੇ ਪਹੁੰਚ ਸਕਦੇ ਹਨ ਤਾਂ ਜੋ ਉਹ ਫੈਡਰਲ ਸਰਕਾਰ ਦੇ ਆਨਲਾਈਨ ਨਿਊਜ਼ ਬਿੱਲ ਦੀ ਪਾਲਣਾ ਕਰਨ ਪਰ ਜੇਕਰ ਉਹ ਕੈਨੇਡੀਅਨਾਂ ਨੂੰ ਖ਼ਬਰਾਂ ਦੀ ਪਹੁੰਚ ਤੋਂ ਸੀਮਤ ਕਰਨ ਦੀ ਧਮਕੀਆਂ ਦਿੰਦੇ ਹਨ ਤਾਂ ਓਟਵਾ ਨੇ ਕਿਸ ਤਰ੍ਹਾਂ ਜਵਾਬ ਦੇਣਾ ਹੈ ਉਸ ਸਬੰਧੀ ਸਾਡੇ ਸਾਹਮਣੇ ਸਾਰੇ ਵਿਕਲਪ ਮੌਜੂਦ ਹਨ। ਗਲੋਬ ਐਂਡ ਮੇਲ ਨਾਲ ਇਕ ਮੁਲਾਕਾਤ ਵਿਚ ਹੈਰੀਟੇਜ ਮੰਤਰੀ ਨੇ ਇਨ੍ਹਾਂ ਪਲੇਟਫਾਰਮਜ਼ ਤੋਂ ਲੱਖਾਂ ਡਾਲਰ ਦੀ ਸਰਕਾਰੀ ਇਸ਼ਤਿਹਾਰਬਾਜ਼ੀ ਹਟਾਉਣ ਦੀ ਸੰਭਾਵਨਾ ਰੱਦ ਨਹੀਂ ਕੀਤੀ। ਸਰਕਾਰੀ ਇਸ਼ਤਿਹਾਰਬਾਜ਼ੀ ਬਾਰੇ ਪਿਛਲੇ ਸਾਲ ਦੀ ਸਾਲਾਨਾ ਰਿਪੋਰਟ ਤੋਂ ਪਤਾ ਲਗਦਾ ਹੈ ਕਿ ਮੇਟਾ ਦੀ ਮਾਲਕੀ ਵਾਲੀ ਫੇਸਬੁੱਕ ਤੇ ਇੰਸਟਾਗ੍ਰਾਮ ਨੇ 2021-22 ਵਿਚ ਸਰਕਾਰੀ ਇਸ਼ਤਿਹਾਰਬਾਜ਼ੀ ਤੋਂ 11423,728 ਡਾਲਰ ਦੀ ਕਮਾਈ ਕੀਤੀ ਜਦਕਿ ਗੂਗਲ ਨੇ 8,757,234 ਡਾਲਰ ਕਮਾਏ। ਰੋਡਰਿਗਜ਼ ਨੇ ਕਿਹਾ ਕਿ ਉਨ੍ਹਾਂ ਦੀ ਪਹਿਲੀ ਪਸੰਦ ਇਸ ਪਾਸੇ ਜਾਣਾ ਨਹੀਂ ਅਤੇ ਉਹ ਮਿਲ ਬੈਠਣ ਨੂੰ ਤਰਜੀਹ ਦੇਣਗੇ ਅਤੇ ਗੂਗਲ ਤੇ ਮੇਟਾ ਨਾਲ ਚਰਚਾ ਕਰਨੀ ਚਾਹੁੰਦੇ ਹਨ।

# ਮਾਮੂਲੀ ਬਿਮਾਰੀਆਂ ਦੇ ਇਲਾਜ ਲਈ ਫਰਮਾਸਿਸਟ ਕੋਲ ਅਪੁਆਇੰਟਮੈਂਟ ਬੁੱਕ ਕਰਨ ਸਬੰਧੀ ਬੀਸੀ ਵਲੋਂ ਵੈੱਬਸਾਈਟ ਲਾਂਚ

ਵੈਨਕੂਵਰ-ਬ੍ਰਿਟਿਸ਼ ਕੋਲੰਬੀਆ ਦੀ ਸਿਹਤ ਸੰਭਾਲ ਪ੍ਰਣਾਲੀ 'ਤੇ ਕੁਝ ਦਬਾਅ ਘਟਾਉਣ ਦੀ ਕੋਸ਼ਿਸ਼ ਕਰਦਿਆਂ ਪ੍ਰੀਮੀਅਰ ਡੇਵਿਡ ਏਬੀ ਨੇ ਕਿਹਾ ਕਿ ਮਾਮੂਲੀ ਬਿਮਾਰੀਆਂ ਦੇ ਇਲਾਜ ਲਈ ਫਰਮਾਸਿਸਟਾਂ ਕੋਲ ਜਾਣ ਵਾਸਤੇ ਆਨਲਾਈਨ ਬੁਕਿੰਗ ਦੀ ਪੇਸ਼ਕਸ਼ ਕਰਨ ਵਾਲਾ ਬੀਸੀ ਕੈਨੇਡਾ ਦਾ ਪਹਿਲਾ ਸੂਬਾ ਹੋਵੇਗਾ। 600 ਫਰਮਾਸਿਸਟਾਂ ਵਿਚੋਂ ਇਕ ਕੋਲ ਅਪੁਆਇੰਟਮੈਂਟ ਬੁੱਕ ਕਰਨ ਲਈ ਸੂਬਾ ਵਾਸੀਆਂ ਵਾਸਤੇ ਵੈੱਬਸਾਈਟ ਵੀਰਵਾਰ ਤੋਂ ਲਾਂਚ ਕਰ ਦਿੱਤੀ ਗਈ ਹੈ। ਇਹ ਫਰਮਾਸਿਸਟ ਨਵਾਂ ਸਿਸਟਮ ਵਰਤੋਂ ਕਰਨ ਲਈ ਸਹਿਮਤ ਹੋ ਗਏ ਹਨ ਅਤੇ ਇਹ ਪ੍ਰਣਾਲੀ ਕੋਵਿਡ-19 ਜਾਂ ਫਲੂ ਵੈਕਸੀਨਾਂ ਲਈ ਬੁੱਕਿੰਗ ਕਰਨ ਵਾਂਗ ਕੰਮ ਕਰੇਗੀ। ਇਕ ਪ੍ਰੈਸ ਕਾਨਫਰੰਸ ਵਿਚ ਏਬੀ ਨੇ ਕਿਹਾ ਕਿ ਇਹ ਵੈੱਬਸਾਈਟ ਸਿਹਤ ਸੰਭਾਲ ਪ੍ਰਾਪਤ ਕਰਨ ਸਬੰਧੀ ਹੈ ਜਦੋਂ ਤੁਹਾਨੂੰ ਇਸ ਦੀ ਲੋੜ ਪਵੇਗੀ। ਇਹ ਸਾਡੀ ਸਮੁੱਚੀ ਸਿਹਤ ਸੰਭਾਲ ਪ੍ਰਣਾਲੀ 'ਤੇ ਦਬਾਅ ਘਟਾਉਣ ਨਾਲ ਸਬੰਧਤ ਹੈ। ਅਸੀਂ ਲੰਬੀ ਮਿਆਦ ਲਈ ਸਿਹਤ ਸੰਭਾਲ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਕੰਮ ਕਰਨਾ ਜਾਰੀ ਰੱਖਦੇ ਹੋਏ ਉਹ ਇਹ ਦੇਖਣ ਲਈ ਉਡੀਕ ਨਹੀਂ ਕਰ ਸਕਦਾ ਕਿ ਇਹ ਨਵੀਂ ਪ੍ਰਣਾਲੀ ਕਿਵੇਂ ਕੰਮ ਕਰਦੀ ਹੈ। ਸੂਬੇ ਨੇ ਇਸ ਮਹੀਨੇ ਦੇ ਸ਼ੁਰੂ ਵਿਚ ਫਰਮਾਸਿਸਟਾਂ ਦੇ ਦਾਇਰੇ ਦਾ ਵਿਸਤਾਰ ਕੀਤਾ ਸੀ ਅਤੇ ਉਨ੍ਹਾਂ ਨੂੰ ਮਹਾਂਸੇ, ਸ਼ਿੰਗਲਜ਼ ਜਾਂ ਪਿਸ਼ਾਬ ਨਾਲੀ ਦੀਆਂ ਲਾਗਾਂ ਵਰਗੀਆਂ 21 ਛੋਟੀਆਂ ਬਿਮਾਰੀਆਂ ਦੇ ਇਲਾਜ ਦੇ ਨਾਲ ਨਾਲ ਗਰਭ




ਨਿਰੋਧਕ ਦਵਾਈਆਂ ਲਿਖਣ ਦੀ ਇਜਾਜ਼ਤ ਦਿੱਤੀ ਸੀ। ਸਿਹਤ ਮੰਤਰੀ ਐਡਰੀਅਨ ਡਿਕਸ ਨੇ ਦੱਸਿਆ ਕਿ ਜਦੋਂ ਦੀਆਂ ਤਬਦੀਲੀਆਂ ਕੀਤੀਆਂ ਗਈਆਂ ਹਨ ਉਦੋਂ ਤੋਂ ਹੁਣ ਤਕ 25000 ਤੋਂ ਵੀ ਵੱਧ ਲੋਕ ਇਨ੍ਹਾਂ ਬਿਮਾਰੀਆਂ ਲਈ ਫਰਮਾਸਿਸਟਾਂ ਕੋਲ ਜਾ ਚੁੱਕੇ ਹਨ। ਲੋਕ ਆਪਣੀਆਂ ਲੋੜਾਂ ਮੁਤਾਬਿਕ ਨੇੜੇ ਪੈਂਦੇ ਫਰਮਾਸਿਸਟਾਂ ਕੋਲ ਅਪੁਆਇੰਟਮੈਂਟ ਬੁੱਕ ਕਰਵਾਉਣ ਲਈ ਸਰਚ ਕਰ ਸਕਣਗੇ ਅਤੇ ਉਨ੍ਹਾਂ ਕੋਲ ਫੋਨ ਕਰਨ ਜਾਂ ਇਲਾਜ ਲਈ ਫਰਮਾਸਿਸਟ ਕੋਲ ਜਾਣ ਦਾ ਵਿਕਲਪ ਹੋਵੇਗਾ। ਬੀਸੀ ਦੇ ਕਾਲਜ ਆਫ ਫਰਮਾਸਿਸਟ ਦਾ ਕਹਿਣਾ ਕਿ 75 ਫ਼ੀਸਦੀ ਯੋਗ ਕਮਿਊਨਿਟੀ ਫਰਮਾਸਿਸਟਾਂ ਨੇ ਬਿਮਾਰੀ ਦਾ ਪਤਾ ਲਗਾਉਣ ਅਤੇ ਦਵਾਈ ਲਿਖਣ ਦੇ ਯੋਗ ਹੋਣ ਲਈ ਲੋੜੀਂਦੀ ਸਿਖਲਾਈ ਮੁਕੰਮਲ ਕਰ ਲਈ ਹੈ। ਲੰਡਨ ਡਰੱਗ ਫਰਮਾਸਿਸਟ ਪੈਨੀ ਲੋਹੌਕਸ ਜਿਸ ਨੇ ਐਲਾਨ 'ਤੇ ਗੱਲਬਾਤ ਕੀਤੀ ਨੇ ਕਿਹਾ ਕਿ ਫਰਮਾਸਿਸਟ ਮਾਮੂਲੀ ਬਿਮਾਰੀਆਂ ਲਈ ਦਵਾਈਆਂ ਲਿਖਣ ਵਾਸਤੇ ਵਧੀਆ ਸਥਿਤੀ ਵਿਚ ਹਨ ਕਿਉਂਕਿ ਕਮਿਊਨਿਟੀ ਮੈਂਬਰ ਪਹਿਲਾਂ ਹੀ ਉਨ੍ਹਾਂ ਕੋਲ ਮਾਮੂਲੀ ਬਿਮਾਰੀਆਂ ਦੀਆਂ ਦਵਾਈਆਂ ਬਾਰੇ ਪੁੱਛਣ ਅਤੇ ਦੂਸਰੀ ਸਲਾਹ ਲੈਣ ਲਈ ਆਉਂਦੇ ਹਨ। ਪੈਨੀ ਲੋਹੌਕਸ ਨੇ ਕਿਹਾ ਕਿ ਪਹਿਲੇ ਮਹੀਨੇ ਜੋ ਬਹੁਤੀਆਂ ਬਿਮਾਰੀਆਂ ਉਨ੍ਹਾਂ ਦੇਖੀਆਂ ਹਨ ਉਨ੍ਹਾਂ ਵਿਚ ਪਿਸ਼ਾਬ ਨਾਲੀ ਦੀ ਲਾਗ, ਮੌਸਮੀ ਐਲਰਜੀਆਂ, ਕੰਜਕਟਿਵਾਇਟਿਸ, ਜ਼ੁਕਾਮ ਤੇ ਗਲੇ ਦੀ ਖਾਰਸ਼ ਅਤੇ ਚਮੜੀ 'ਤੇ ਧੱਫੜ ਪੈਣੇ ਸ਼ਾਮਿਲ ਹਨ।

## ਜਨਤਕ ਸ਼ਰਾਰਤ ਮਾਮਲੇ ਵਿਚ ਮੈਕਲਮ ਦੇ ਬਚਾਅ ਲਈ ਕਾਨੂੰਨੀ ਫਰਮ ਲਈ ਕਰਦਾਤਾਵਾਂ ਨੇ 3 ਲੱਖ ਡਾਲਰ ਤੋਂ ਜ਼ਿਆਦਾ ਦਾ ਭੁਗਤਾਨ ਕੀਤਾ

ਸਰੀ-2022 ਲਈ ਸਰੀ ਸ਼ਹਿਰ ਦੀ ਵਿੱਤੀ ਜਾਣਕਾਰੀ ਬਾਰੇ ਬਿਆਨ ਇਹ ਸੰਕੇਤ ਦਿੰਦਾ ਹੈ ਕਿ ਲਾਅ ਕੰਪਨੀ ਪੇਕ ਐਂਡ ਕੰਪਨੀ ਬਰਿਸਟਰਜ਼ ਜਿਸ ਨੇ ਪਿਛਲੇ ਸਾਲ ਸਰੀ ਪ੍ਰੋਵਿੰਸ਼ੀਅਲ ਅਦਾਲਤ ਵਿਚ ਸਰੀ ਦੇ ਸਾਬਕਾ ਮੇਅਰ ਡੱਗ ਮੈਕਲਮ ਖਿਲਾਫ ਜਨਤਕ ਸ਼ਰਾਰਤ ਮਾਮਲੇ ਦਾ ਸਫਲਤਾ ਪੂਰਵਕ ਬਚਾਅ ਕੀਤਾ ਨੂੰ ਕਰਦਾਤਾਵਾਂ ਨੇ 316663.50 ਡਾਲਰ ਦਾ ਭੁਗਤਾਨ ਕੀਤਾ ਹੈ। ਤੁਸੀਂ ਸਰੀ ਵਿੱਤ ਬਾਰੇ ਜਨਰਲ ਮੈਨੇਜਰ ਕੈਮ ਗਰੇਵਾਲ ਦੀ 121 ਸਫ਼ਿਆਂ ਦੀ ਰਿਪੋਰਟ ਦੇ 110 ਸਫ਼ੇ 'ਤੇ ਇਕ ਲਾਈਨ ਦੇਖੋਗੇ ਜਿਹੜੀ 19 ਜੂਨ ਸ਼ਡਿਊਲ ਆਫ ਪੇਮੈਂਟਸ ਫਾਰ ਪ੍ਰੋਵੀਜ਼ਨ ਆਫ ਗੁੱਡਸ ਐਂਡ ਸਰਵਸਿਜ਼ ਤਹਿਤ ਵਿਚਾਰ ਵਟਾਂਦਰੇ ਲਈ ਕੌਂਸਲ ਸਾਹਮਣੇ ਪੇਸ਼ ਕੀਤੀ ਗਈ ਸੀ। ਸਰੀ ਦੇ ਅਫਸਰ ਤੇ ਮੁਆਵਜ਼ਾ ਬਾਈ-ਲਾਅ ਮੁਤਾਬਿਕ ਮੈਕਲਮ ਦਾ ਕੇਸ ਜਿਹੜਾ 31 ਅਕਤੂਬਰ 2022 ਤੋਂ ਚਲ ਰਿਹਾ ਹੈ ਲਈ ਸਾਬਕਾ ਮੇਅਰ ਦੇ ਕਾਨੂੰਨੀ ਬਿੱਲਾਂ ਲਈ ਕਰਦਾਤਾਵਾਂ ਵਲੋਂ ਭੁਗਤਾਨ ਕਰਨ ਦੀ ਬਹੁਤ ਸਾਰੇ ਲੋਕਾਂ ਅਤੇ ਕੁਝ ਵਿਰੋਧੀ ਕੌਂਸਲ ਮੈਂਬਰਾਂ ਨੇ ਨਿਖੇਧੀ ਕੀਤੀ ਹੈ।



ਕੌਂਸਲਰ ਲਿੰਡਾ ਐਨਿਸ ਨੇ ਟਰਾਇਲ ਤੋਂ ਪਹਿਲਾਂ ਇਕ ਬਿਆਨ ਵਿਚ ਕਿਹਾ ਕਿ ਇਹ ਹਾਸੋਹੀਣੀ ਗੱਲ ਹੈ ਕਿ ਮੇਅਰ ਅਸਲ ਖਰਚ ਬਾਰੇ ਸੋਚੇ ਬਿਨ੍ਹਾਂ ਆਪਣੇ ਵਕੀਲ ਦੀ ਚੋਣ ਕਰਦਾ ਹੈ ਅਤੇ ਉਨ੍ਹਾਂ ਦੀ ਕਰਦਾਤਾਵਾਂ ਪ੍ਰਤੀ ਕੋਈ ਜਵਾਬਦੇਹੀ ਨਹੀਂ ਜਿਹੜੇ ਰਕਮ ਦਾ ਖਿਆਲ ਨਾ ਕਰਦਿਆਂ ਬਿੱਲ ਦਾ ਭੁਗਤਾਨ ਕਰ ਰਹੇ ਹਨ। ਮੇਅਰ ਵਜੋਂ ਮੈਕਲਮ ਦੀ ਥਾਂ ਲੈਣ ਲਈ ਆਪਣੀ ਚੋਣ ਮੁਹਿਮ ਦੌਰਾਨ ਬਰੈਂਡਾ ਲੌਕ ਨੇ ਵਾਅਦਾ ਕੀਤਾ ਸੀ ਕਿ ਜੇਕਰ ਉਹ ਚੁਣੀ ਗਈ ਤਾਂ ਉਹ ਮੈਕਲਮ ਤੋਂ ਇਕ ਇਕ ਸੈਂਟ ਵਾਪਸ ਲਵੇਗੀ ਪਰ ਹੁਣ ਲੌਕ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਮੈਕਲਮ ਕਸੂਰਵਾਰ ਨਾ ਪਾਏ ਜਾਣ ਕਾਰਨ ਅਜਿਹਾ ਨਹੀਂ ਹੋ ਰਿਹਾ। ਉਨ੍ਹਾਂ ਦੇ ਬਰੀ ਹੋਣ ਨਾਲ ਸਭ ਕੁਝ ਬਦਲ ਗਿਆ ਹੈ।

## ਏਅਰ ਟਰੈਫਿਕ ਕੰਟਰੋਲ ਸਟਾਫ ਦੀ ਘਾਟ ਕਾਰਨ ਸੈਂਕੜੇ ਉਡਾਨਾਂ ਵਿਚ ਦੇਰੀ ਤੇ ਰੱਦ ਹੋਈਆਂ

ਓਟਵਾ-ਕੈਨੇਡਾ ਦੀ ਏਅਰ ਟਰੈਫਿਕ ਕੰਟਰੋਲ ਏਜੰਸੀ ਕੋਲ ਸਟਾਫ ਦੀ ਘਾਟ ਕਾਰਨ ਵੀਕਐਂਡ 'ਤੇ ਦੇਸ਼ ਦੇ ਦੋ ਸਭ ਤੋਂ ਵੱਡੇ ਹਵਾਈ ਅੱਡਿਆਂ 'ਤੇ ਸੈਂਕੜੇ ਉਡਾਨਾਂ ਰੱਦ ਕਰਨ ਪਈਆਂ ਤੇ ਕਈ ਉਡਾਨਾਂ ਵਿਚ ਦੇਰੀ ਹੋਈ। ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਤੋਂ ਸਨਿਚਰਵਾਰ ਤੇ ਐਤਵਾਰ ਉਡਣ ਵਾਲੀਆਂ ਕੁਲ 446 ਉਡਾਨਾਂ ਵਿਚ ਦੇਰੀ ਹੋਈ ਅਤੇ 73 ਰੱਦ ਕਰ ਦਿੱਤੀਆਂ ਗਈਆਂ ਜਦਕਿ ਵੈਨਕੂਵਰ ਇੰਟਰਨੈਸ਼ਨਲ ਏਅਰਪੋਰਟ ਵਿਖੇ 204 ਉਡਾਨਾਂ ਵਿਚ ਦੇਰੀ ਹੋਈ ਅਤੇ 15 ਰੱਦ ਕਰ ਦਿੱਤੀਆਂ ਗਈਆਂ। ਦੋਵੇਂ ਹਵਾਈ ਅੱਡਿਆਂ ਨੇ ਦੇਸ਼ ਦੀ ਏਅਰ ਟਰੈਫਿਕ ਕੰਟਰੋਲਰ ਨਵ ਕੈਨੇਡਾ ਵੱਲ ਉਂਗਲ ਉਠਾਈ ਹੈ। ਨਵ ਕੈਨੇਡਾ ਦੀ ਬੁਲਾਰਨ ਮਰੀਅਨ ਅਮੀਨੀ ਨੇ ਕਿਹਾ ਕਿ ਏਅਰ-ਟਰੈਫਿਕ ਕੰਟਰੋਲਰਾਂ ਦੀ ਗੈਰਯੋਜਨਾਬੱਧ ਗੈਰਹਾਜ਼ਰੀ ਕਾਰਨ ਦੇਰੀ ਹੋਈ ਹੈ ਅਤੇ ਏਜੰਸੀ ਆਪਣੀ ਕਾਰਜ ਸ਼ਕਤੀ ਨੂੰ ਮਜ਼ਬੂਤ ਕਰਨ ਲਈ ਕੰਮ ਕਰ ਰਹੀ ਹੈ।



ਮਾਂਟਰੀਅਲ ਟਰੂਡੋ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਕਈ ਉਡਾਨਾਂ ਵਿਚ ਦੇਰੀ ਹੋਈ ਜਿਸ ਬਾਰੇ ਬੁਲਾਰੇ ਨਾਡੀਆ ਬੇਨੇਲਫੇਲਾ ਨੇ ਕਿਹਾ ਕਿ ਈਸਟ ਕੋਸਟ ਵਿਚ ਖਰਾਬ ਮੌਸਮ ਕਾਰਨ ਦੇਰੀ ਹੋਈ ਹੈ ਨਾ ਕਿ ਨਵ ਕੈਨੇਡਾ ਦੀਆਂ ਮਜ਼ਬੂਰੀਆਂ ਕਾਰਨ। ਸਨਿਚਰਵਾਰ ਕੈਲਗਰੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ 23 ਫ਼ੀਸਦੀ ਉਡਾਨਾਂ ਵਿਚ ਦੇਰੀ ਹੋਈ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

## ਚਿਲੀਵੈਕ ਵਿਚ ਬਣੇਗਾ ਨਵਾਂ ਮੈਰੀਅਟ ਹੋਟਲ

ਸਰੀ-ਚਿਲੀਵੈਕ ਵਿਚ ਲਿਕਮੈਨ ਰੋਡ 'ਤੇ ਡੈਸਟੀਨੇਸ਼ਨ ਸਾਈਟ 'ਤੇ 150 ਕਮਰਿਆਂ ਵਾਲਾ ਨਵਾਂ ਮੈਰੀਅਟ ਚੇਨ ਦਾ ਹੋਟਲ ਬਣ ਰਿਹਾ ਹੈ। ਟੂਰਿਜ਼ਮ ਚਿਲੀਵੈਕ ਦੇ ਐਗਜ਼ੀਕਿਊਟਿਵ ਡਾਇਰੈਕਟਰ ਐਲੀਸਨ ਕੋਲਥੋਰਪ ਨੇ ਕਿਹਾ ਕਿ ਅਸੀਂ ਇੰਡਸਟਰੀਅਲ ਪ੍ਰਾਪਟੀ ਦੀ ਵੱਡੇ ਪੱਧਰ 'ਤੇ ਪੁਨਰ-ਸੁਰਜੀਤੀ ਸਬੰਧੀ ਯੋਜਨਾਵਾਂ ਸਾਹਮਣੇ ਆਉਣ ਤੋਂ ਉਤਸ਼ਾਹਿਤ ਹਾਂ ਜਿਹੜੀ ਸੈਲਾਨੀਆਂ, ਸਮਾਗਮਾਂ ਨੂੰ ਆਕਰਸ਼ਤ ਕਰੇਗੀ, ਨੌਕਰੀਆਂ ਮੁਹੱਈਆ ਕਰੇਗੀ ਅਤੇ ਖੇਤਰ ਦੇ ਆਰਥਿਕ ਵਿਕਾਸ ਨੂੰ ਵਧਾਏਗੀ। ਸਾਬਕਾ ਬੈਸਟ ਵੈਸਟਰਨ ਤੇ ਹੋਰਨਾਂ ਦੇ ਬੰਦ ਹੋਣ ਪਿੱਛੋਂ ਚਿਲੀਵੈਕ ਵਿਚ ਹੋਟਲ ਰਿਹਾਇਸ਼ ਦੀ ਘਾਟ ਸੀ। ਫ੍ਰੇਜ਼ਰ ਗੇਟਵੇਅ ਸੈਂਟ ਵਿਖੇ 12.4 ਏਕੜ ਦੀ ਨਵੀਂ ਵਿਕਾਸ ਵਾਲੀ ਥਾਂ 'ਤੇ ਨਵਾਂ ਹੋਟਲ 4.5 ਏਕੜ ਵਿਚ ਬਣੇਗਾ। ਕੋਲਥੋਰਪ ਨੇ ਕਿਹਾ ਕਿ ਚਿਲੀਵੈਕ ਹੋਟਲ ਦੇ ਕਮਰਿਆਂ ਦੀ ਵਧੀ ਮੰਗ ਨਾਲ ਨਜਿੱਠਦੇ ਹੋਏ ਇਹ ਹੋਟਲ ਦਬਾਅ ਨੂੰ ਘੱਟ ਕਰਨ ਵਿਚ ਮਦਦ ਕਰੇਗਾ। ਡੇਨਸਿਟੀ ਸੀਈਓ ਗੈਰੀ ਫਾਵਲੇ ਨੇ ਕਿਹਾ ਕਿ ਮੈਰੀਅਟ ਇਕ ਭਰੋਸੇਮੰਦ ਅਤੇ ਸਤਿਕਾਰਤ ਹੋਟਲ ਬਰਾਂਡ ਹੈ ਅਤੇ ਅਸੀਂ ਪੀਆਰ ਹੋਟਲਜ਼ ਅਤੇ ਮੇਰੀਡੀਅਨ ਡਿਵੈਲਪਮੈਂਟ ਨਾਲ ਸਾਂਝੇਦਾਰੀ ਕਰਕੇ ਬਹੁਤ ਖੁਸ਼ ਹਾਂ।

## ਪਤੀ ਨੇ ਪਤਨੀ ਨੂੰ ਚਾਕੂ ਮਾਰ ਕੇ ਕਤਲ ਕਰਨ ਦਾ ਦੋਸ਼ ਕਬੂਲਿਆ

ਸਰੀ-ਇਥੋਂ ਦੇ ਵਾਸੀ 40 ਸਾਲਾ ਨਵਦਿੰਰ ਗਿੱਲ ਨੇ ਪਿਛਲੇ ਸਾਲ ਦਸੰਬਰ ਵਿਚ ਆਪਣੀ ਪਤਨੀ ਨੂੰ ਚਾਕੂ ਮਾਰ ਕੇ ਕਤਲ ਕਰਨ ਦਾ ਦੋਸ਼ ਸਵੀਕਾਰ ਕਰ ਲਿਆ। ਦਸੰਬਰ 2022 ਵਿਚ ਗਿੱਲ 'ਤੇ ਸੈਕਿੰਡ ਕਤਲ ਦਾ ਦੋਸ਼ ਲਗਾਇਆ ਗਿਆ ਸੀ। ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਦੀ ਇਕ ਰਿਲੀਜ਼ ਮੁਤਾਬਿਕ ਗਿੱਲ ਨੇ 22 ਜੂਨ ਨੂੰ ਸੈਕਿੰਡ ਡਿਗਰੀ ਕਤਲ ਕਰਨ ਦਾ ਦੋਸ਼ ਸਵੀਕਾਰ ਕਰ ਲਿਆ ਹੈ। 7 ਦਸੰਬਰ 2022 ਨੂੰ ਪੁਲਿਸ 66 ਐਵੀਨਿਊ ਦੇ 12700 ਬਲਾਕ ਵਿਚ ਚਾਕੂ ਮਾਰਨ ਦੀ ਸਚਨਾ ਮਿਲਣ ਪਿੱਛੋਂ ਮੌਕੇ 'ਤੇ ਪੁੱਜੀ ਸੀ ਜਿਥੇ ਉਨ੍ਹਾਂ ਨੂੰ 40 ਸਾਲਾ ਹਰਪ੍ਰੀਤ ਕੌਰ ਗਿੱਲ ਗੰਭੀਰ ਜ਼ਖ਼ਮੀ ਹਾਲਤ ਵਿਚ ਮਿਲੀ ਜਿਸ ਦੇ ਚਾਕੂ ਦੇ ਕਈ ਜ਼ਖ਼ਮ ਸਨ। ਉਸ ਦੀ ਬਾਅਦ ਵਿਚ ਹਸਪਤਾਲ ਵਿਚ ਮੌਤ ਹੋ ਗਈ ਸੀ। ਸ਼ੱਕੀ ਨਵਿੰਦਰ ਨੂੰ ਮੌਕੇ 'ਤੇ ਹੀ ਗ੍ਰਿਫਤਾਰ ਕਰ ਕੇ ਪੁਲਿਸ ਹਿਰਾਸਤ ਵਿਚ ਰੱਖਿਆ ਗਿਆ। 16 ਦਸੰਬਰ 2022 ਉਸ ਦੇ ਖਿਲਾਫ ਦੋਸ਼ ਲਗਾਏ ਗਏ। ਆਈਐਚਆਈਟੀ ਨੇ ਕਿਹਾ ਕਿ ਹੁਣ ਸਜ਼ਾ ਦੇਣ ਲਈ ਮਾਮਲੇ 'ਤੇ ਸੁਣਵਾਈ ਹੋਵੇਗੀ ਅਤੇ ਇਹ ਸਜ਼ਾ ਇਸ ਸਾਲ ਦੇ ਅਖੀਰ ਵਿਚ ਸੁਣਾਏ ਜਾਣ ਦੀ ਆਸ ਹੈ।

# ਐਤਵਾਰ ਹੋਏ ਹਾਦਸੇ ਪਿੱਛੋਂ ਤਿੰਨ ਵਿਅਕਤੀਆਂ ਦੀ ਮੌਤ

ਸਰੀ-ਐਤਵਾਰ ਸਵੇਰੇ ਦੱਖਣੀ ਸਰੀ ਵਿਚ ਹੋਏ ਸੜਕ ਹਾਦਸਿਆਂ ਪਿੱਛੋਂ ਫਸਟ ਰਿਸਪੌਂਡਰਾਂ ਵਲੋਂ ਯਤਨ ਕਰਨ ਦੇ ਬਾਵਜੂਦ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। 176 ਸਟਰੀਟ ਦੇ 3300 ਬਲਾਕ ਵਿਚ ਤੜਕੇ 2.45 ਵਜੇ ਹੋਏ ਹਾਦਸੇ ਪਿੱਛੋਂ ਪੁਲਿਸ ਨੇ ਪਹਿਲਾਂ ਪਹਿਲ ਇਕ ਡਰਾਈਵਰ ਨੂੰ ਹਿਰਾਸਤ ਵਿਚ ਲੈ ਲਿਆ ਸੀ। ਸਰੀ ਆਰਸੀਐਮਪੀ ਪ੍ਰੈਸ ਰਿਲੀਜ ਮੁਤਾਬਿਕ ਵੋਕਸਵੈਗਨ ਗੋਲਫ 32 ਐਵੀਨਿਊ ਤੋਂ ਅੱਗੇ 176 ਸਟਰੀਟ 'ਤੇ ਉੱਤਰ ਵਾਲੇ ਪਾਸੇ ਨੂੰ ਜਾ ਰਹੀ ਸੀ ਜਦੋਂ ਇਹ ਹੁੰਢਈ ਸੇਡਾਨ ਨਾਲ ਟਕਰਾ ਗਈ ਅਤੇ ਇਸ ਕਾਰ ਵਿਚ ਡਰਾਈਵਰ ਤੋਂ ਇਲਾਵਾ ਤਿੰਨ ਮੁਸਾਫਰ ਸਨ ਅਤੇ ਇਹ ਵੀ ਉੱਤਰ ਵਾਲੇ ਪਾਸੇ ਨੂੰ ਜਾ ਰਹੀ ਸੀ। ਦੋਵੇਂ ਮੋਟਰ ਗੱਡੀਆਂ ਸੜਕ ਦੇ ਪੂਰਬ ਵਾਲੇ ਪਾਸੇ ਪਾਣੀ ਨਾਲ ਭਰੀ ਖੱਡ ਵਿਚ ਡਿਗ ਪਈਆਂ। ਹੁੰਢਈ ਵਿਚ ਸਵਾਰ ਤਿੰਨ ਵਿਅਕਤੀਆਂ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ। ਐਤਵਾਰ ਦੁਪਹਿਰ ਤਕ ਹੁੰਢਈ ਵਿਚ



ਸਵਾਰ ਦੋ ਵਿਅਕਤੀਆਂ ਨੇ ਸੱਟਾਂ ਕਾਰਨ ਦਮ ਤੋੜ ਦਿੱਤਾ ਅਤੇ ਸੋਮਵਾਰ ਬਾਅਦ ਦੁਪਹਿਰ ਹੁੰਢਈ ਵਿਚ ਸਵਾਰ ਤੀਸਰੇ ਵਿਅਕਤੀ ਦੀ ਵੀ ਮੌਤ ਹੋ ਗਈ। ਵੋਕਸਵੈਗਨ ਦੇ ਡਰਾਈਵਰ ਨੂੰ ਨਸ਼ਾ ਕਰਕੇ ਡਰਾਈਵਿੰਗ ਕਰਨ ਦੀ ਜਾਂਚ ਕਰਨ ਲਈ ਪਹਿਲਾਂ ਪਹਿਲ ਹਿਰਾਸਤ ਵਿਚ ਲਿਆ ਗਿਆ ਅਤੇ ਉਸ ਨੂੰ ਡਰਾਈਵਿੰਗ ਕਰਨ ਦੀ ਮਨਾਹੀ ਕਰਨ ਦੇ ਦਸਤਾਵੇਜ਼ ਜਾਰੀ ਕੀਤੇ ਗਏ ਅਤੇ ਅਗਲੇਰੀ ਜਾਂਚ ਚੱਲਣ ਤਕ ਰਿਹਾਅ ਕਰ ਦਿੱਤਾ ਗਿਆ। ਪੁਲਿਸ ਦੁਰਘਟਨਾ ਦੇ ਸਾਰੇ ਹਾਲਾਤ ਦੀ ਜਾਂਚ ਕਰੇਗੀ। ਇਸ ਸਮੇਂ ਇਹ ਸ਼ੱਕ ਕੀਤਾ ਜਾਂਦਾ ਹੈ ਕਿ ਦੁਰਘਟਨਾ ਦਾ ਕਾਰਨ ਤੇਜ਼ ਰਫ਼ਤਾਰ ਅਤੇ ਸ਼ਰਾਬ ਦੀ ਵਰਤੋਂ ਹੋ ਸਕਦੀ ਹੈ। ਸਰੀ ਆਰਸੀਐਮਪੀ ਦੀ ਮੀਡੀਆ ਰਿਲੇਸ਼ਨ ਅਫਸਰ ਕਾਰਪੋਰਲ ਵਨੇਸਾ ਮੁਨ ਨੇ ਕਿਹਾ ਕਿ ਇਸ ਕਿਸਮ ਦੀ ਜਾਂਚ ਗੁੰਝਲਦਾਰ ਹੁੰਦੀ ਹੈ ਅਤੇ ਮੁਕੰਮਲ ਹੋਣ ਨੂੰ ਸਮਾਂ ਲਗਦਾ ਹੈ ਪਰ ਸਾਡੇ ਅਫਸਰ ਮੁਕੰਮਲ ਜਾਂਚ ਕਰਨ ਅਤੇ ਪਰਿਵਾਰਾਂ ਨੂੰ ਇਹ ਜਾਣਕਾਰੀ ਦੇਣ ਕਿ ਕੀ ਹੋਇਆ ਸੀ ਲਈ ਸਮਰਪਿਤ ਹਨ।

## ਪੁਲਿਸ ਦੀ ਗੋਲੀ ਨਾਲ ਜ਼ਖ਼ਮੀ ਹੋਏ ਵਿਅਕਤੀ ਦੀ ਹਸਪਤਾਲ ਵਿਚ ਮੌਤ

ਹੋਪ-ਬ੍ਰਿਟਿਸ਼ ਕੋਲੰਬੀਆ ਦਾ ਪੁਲਿਸ ਵਾਚਡੌਗ ਇਕ ਵਿਅਕਤੀ ਦੀ ਮੌਤ ਦੀ ਜਾਂਚ ਕਰ ਰਿਹਾ ਹੈ ਜਿਸ ਨੂੰ ਬੁੱਧਵਾਰ ਦੱਖਣੀ ਬ੍ਰਿਟਿਸ਼ ਕੋਲੰਬੀਆ ਵਿਚ ਆਰਸੀਐਮਪੀ ਦੇ ਇਕ ਅਫਸਰ ਨੇ ਗੋਲੀ ਮਾਰ ਦਿੱਤੀ ਸੀ। ਪੁਲਿਸ ਨੇ ਦੱਸਿਆ ਕਿ ਹੋਪ ਵਿਚ ਫਰੇਜ਼ਰ ਕੈਨਨ ਹਸਪਤਾਲ ਵਿਖੇ ਇਸ ਵਿਅਕਤੀ ਤੇ ਅਫਸਰ ਵਿਚਕਾਰ ਤਕਰਾਰ ਹੋਈ ਸੀ ਜਿਸ ਦੇ ਸਿੱਟੇ ਵਜੋਂ ਇਕ ਅਫਸਰ ਨੇ ਆਪਣੇ ਅਗਨੀ ਸ਼ਾਸਤਰ ਨਾਲ ਗੋਲੀ ਮਾਰ ਦਿੱਤੀ। ਪੁਲਿਸ ਨੇ ਇਕ ਬਿਆਨ ਵਿਚ ਦੱਸਿਆ ਕਿ ਵਿਅਕਤੀ ਨੂੰ ਤੁਰੰਤ ਡਾਕਟਰੀ ਸਹਾਇਤਾ ਦਿੱਤੀ ਗਈ ਪਰ ਉਸ ਨੂੰ ਮੌਕੇ 'ਤੇ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਕਿਹਾ ਕਿ ਜ਼ੋਪਕੀਓਜ਼ ਆਫ-ਰੈਂਪ ਵਿਖੇ 5 ਹਾਈਵੇਅ 'ਤੇ ਦੋ ਮੋਟਰ ਗੱਡੀਆਂ ਵਿਚਕਾਰ ਟੱਕਰ ਦੀ ਰਿਪੋਰਟ ਮਿਲਣ ਪਿੱਛੋਂ ਉਹ ਮੌਕੇ 'ਤੇ ਪੁੱਜੀ। ਇਸ ਦੁਰਘਟਨਾ ਵਿਚ ਕਈ ਵਿਅਕਤੀ ਜ਼ਖ਼ਮੀ ਹੋ ਗਏ ਜਿਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ। ਆਰਸੀਐਮਪੀ ਨੇ ਦੱਸਿਆ ਕਿ ਦੋ ਜ਼ਖ਼ਮੀ ਵਿਅਕਤੀਆਂ ਵਿਚਕਾਰ ਤਕਰਾਰ ਹੋਣ ਦੇ ਸਿੱਟੇ ਵਜੋਂ ਬੀਸੀ ਐਮਰਜੈਂਸੀ ਹੈਲਥ ਸਰਵਸਿਜ਼ ਦੇ ਮੁਲਾਜ਼ਮਾਂ ਨੇ ਪੁਲਿਸ ਨੂੰ ਸਹਾਇਤਾ ਲਈ ਬੁਲਾਇਆ ਜਿਸ ਪਿੱਛੋਂ ਉਪਰੋਕਤ ਘਟਨਾ ਵਾਪਰੀ। ਫਰੇਜ਼ਰ ਕੈਨਨ ਹਸਪਤਾਲ ਦਾ ਐਮਰਜੈਂਸੀ ਵਿਭਾਗ ਆਰਜ਼ੀ ਤੌਰ 'ਤੇ ਬੰਦ ਕਰ ਦਿੱਤਾ ਗਿਆ ਹੈ ਜਦਕਿ ਬੀਸੀ ਦਾ ਇੰਡੀਪੈਂਡੈਂਟ ਇਨਵੈਸਟੀਗੇਸ਼ਨ ਆਫਿਸ ਜਾਂਚ ਕਰ ਰਿਹਾ ਹੈ।

## ਯੂਨੀਵਰਸਿਟੀ ਆਫ ਵਾਟਰਲੂ ਵਿਖੇ ਕਲਾਸ ਦੌਰਾਨ ਤਿੰਨ ਵਿਅਕਤੀ ਚਾਕੂ ਹਮਲੇ ਵਿਚ ਜ਼ਖ਼ਮੀ

ਟੋਰਾਂਟੋ-ਇਕ ਹਿਲਾ ਦੇਣ ਵਾਲੇ ਘਟਨਾ ਵਿਚ ਯੂਨੀਵਰਸਿਟੀ ਆਫ ਵਾਟਰਲੂ ਵਿਖੇ ਇਕ ਕਲਾਸ ਰੂਮ ਅੰਦਰ ਤਿੰਨ ਵਿਅਕਤੀਆਂ ਨੂੰ ਚਾਕੂ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ। ਵਾਟਰਲੂ ਰੀਜ਼ਨਲ ਪੁਲਿਸ ਨੇ ਦੱਸਿਆ ਕਿ ਦੋ ਵਿਦਿਆਰਥੀਆਂ ਅਤੇ ਇਕ ਪ੍ਰੋਫੈਸਰ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ ਅਤੇ ਜ਼ਖ਼ਮਾਂ ਕਾਰਨ ਤਿੰਨਾਂ ਦੀ ਜਿੰਦਗੀ ਨੂੰ ਕੋਈ ਖ਼ਤਰਾ ਨਹੀਂ। ਸ਼ੱਕੀ ਪੁਰਸ਼ ਨੂੰ ਮੌਕੇ 'ਤੇ ਹੀ ਗ੍ਰਿਫਤਾਰ ਕਰ ਲਿਆ। ਘਟਨਾ ਓਨਟਾਰੀਓ ਯੂਨੀਵਰਸਿਟੀ ਦੇ ਮੇਨ ਕੈਂਪਸ ਦੇ ਹੈਗੇ ਹਾਲ ਵਿਚ ਸ਼ਾਮ 3.30 ਵਜੇ ਵਾਪਰੀ। ਵਾਟਰਲੂ ਪੁਲਿਸ ਨੇ ਦੱਸਿਆ ਕਿ ਜਾਂਚ ਅਜੇ ਮੁਢਲੇ ਪੜਾਅ 'ਤੇ ਹੈ ਅਤੇ ਇਸ ਨੇ ਸੰਭਾਵਤ ਕਾਰਨ ਬਾਰੇ ਕੋਈ ਜਾਣਕਾਰੀ ਮੁਹੱਈਆ ਨਹੀਂ ਕੀਤੀ। ਪੁਲਿਸ ਨੇ ਗ੍ਰਿਫ਼ਤਾਰ ਵਿਅਕਤੀ ਨੂੰ ਕਮਿਊਨਿਟੀ ਮੈਂਬਰ ਦੱਸਿਆ ਹੈ।

## ਮੁਸਲਿਮ ਪਰਸਨਲ ਲਾਅ ਬੋਰਡ ਦੀ ਮੀਟਿੰਗ 'ਚ ਸਾਂਝੇ ਸਿਵਲ ਕੋਡ ਦੀ ਮੁਖ਼ਾਲਫ਼ਤ ਜਾਰੀ ਰੱਖਣਾ ਦਾ ਫ਼ੈਸਲਾ

ਲਖਨਊ-ਦੇਸ਼ ਵਿਚ ਮੁਸਲਮਾਨਾਂ ਦੀ ਸਭ ਤੋਂ ਵੱਡੀ ਧਾਰਮਿਕ ਸੰਸਥਾ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਨੇ ਮੀਟਿੰਗ ਕੀਤੀ ਅਤੇ ਸਾਂਝੇ ਸਿਵਲ ਕੋਡ (ਯੂਸੀਸੀ) ਦਾ ਵਿਰੋਧ ਜਾਰੀ ਰੱਖਣ ਦਾ ਫੈਸਲਾ ਕਰਦੇ ਹੋਏ ਕਿਹਾ ਕਿ ਉਹ ਕਾਨੂੰਨ ਕਮਿਸ਼ਨ ਕੋਲ ਇਸ ਸਬੰਧੀ ਆਪਣੀਆਂ ਦਲੀਲਾਂ ਹੋਰ ਜ਼ੋਰਦਾਰ ਢੰਗ ਨਾਲ ਪੇਸ਼ ਕਰੇਗਾ। ਇਹ ਆਨਲਾਈਨ ਮੀਟਿੰਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਾਂਝੇ ਸਿਵਲ ਕੋਡ (ਯੂਸੀਸੀ) ਦੀ ਜ਼ੋਰਦਾਰ ਵਕਾਲਤ ਕਰਨ ਤੋਂ ਕੁੱਝ ਘੰਟਿਆਂ ਬਾਅਦ ਹੋਈ।

## ਚਿੱਟ ਫੰਡ ਕੰਪਨੀ ਪਰਲ ਦੀਆਂ ਜਾਇਦਾਦਾਂ ਦੀ ਕੁਰਕੀ ਸ਼ੁਰੂ

ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਹੈ ਕਿ ਸਰਕਾਰ ਨੇ ਰਾਜ ਵਿੱਚ ਚਿੱਟ ਫੰਡ ਕੰਪਨੀ ਪਰਲ ਦੀਆਂ ਸਾਰੀਆਂ ਜਾਇਦਾਦਾਂ ਨੂੰ ਆਪਣੇ ਕਬਜ਼ੇ ਵਿੱਚ ਲੈਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਟਵੀਟ ਰਾਹੀਂ ਦੱਸਿਆ ਕਿ ਕਾਨੂੰਨੀ ਕਾਰਵਾਈ ਪੂਰੀ ਕਰਕੇ ਜਲਦੀ ਹੀ ਇਨ੍ਹਾਂ ਜਾਇਦਾਦਾਂ ਦੀ ਨਿਲਾਮੀ ਕਰਕੇ ਲੋਕਾਂ ਨੂੰ ਉਨ੍ਹਾਂ ਦੇ ਪੈਸੇ ਵਾਪਸ ਕਰਨ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਜਾਵੇਗਾ।

## ਕਮਿਊਨਿਟੀ ਨੂੰ ਡਰੱਗ ਤੇ ਗੈਂਗਾਂ ਤੋਂ ਮੁਕਤ ਕਰਨ ਦੇ ਸੱਦੇ ਨਾਲ ਸਰੀ ਵਿਚ ਕਾਰ ਰੈਲੀ ਕੱਢੀ

ਸਰੀ-ਪਿਛਲੇ ਦਿਨੀ ਕਮਿਊਨਿਟੀ ਨੂੰ ਡਰੱਗ ਤੇ ਗੈਂਗ ਹਿੰਸਾ ਤੋਂ ਮੁਕਤ ਕਰਨ ਦੇ ਸੱਦੇ ਨਾਲ ਕਾਰ ਰੈਲੀ ਕੱਢੀ ਗਈ। ਸਮੁੱਚੇ ਸ਼ਹਿਰ ਵਿਚੋਂ ਲੰਘਣ ਲਈ ਤਿੰਨ ਦਰਜਨ ਮੋਟਰ ਗੱਡੀਆਂ ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਸਿਜ਼ (ਪਿਕਸ) ਦੇ ਨਿਊਟਨ ਆਫਿਸ ਤੋਂ ਸਿਟੀ ਹਾਲ ਲਈ ਚੱਲੀਆਂ ਜਿਥੇ ਸਵੇਰੇ 11 ਵਜੇ ਇਕੱਠ ਹੋਇਆ ਅਤੇ ਉਥੋਂ ਲੋਕ ਇਕ ਹੋਰ ਇਕੱਠ ਲਈ ਹਾਲੈਂਡ ਪਾਰਕ ਪੁੱਜੇ। ਪਿਕਸ ਨੇ 'ਰੀਚ' (ਅਹਿਸਾਸ ਕਰਨਾ, ਸਿੱਖਿਆ ਦੇਣਾ, ਸਵੀਕਾਰ ਕਰਨਾ , ਸੰਚਾਰ ਤੇ ਮਦਦ ਕਰੋ) ਪਹਿਲਕਦਮੀ ਦੇ ਹਿੱਸੇ ਵਜੋਂ ਲੋਅਰ ਮੇਨਲੈਂਡ ਵਿਚ ਗੈਂਗ ਹਿੰਸਾ ਦੀਆਂ ਵੱਧ ਰਹੀਆਂ ਘਟਨਾਵਾਂ ਅਤੇ ਡਰੱਗ ਦੀ ਦੁਰਵਰਤੋਂ ਬਾਰੇ ਜਾਗਰੂਤਾ ਪੈਦਾ ਕਰਨ ਲਈ ਰੈਲੀ ਦਾ ਪ੍ਰਬੰਧ ਕੀਤਾ ਸੀ।








# ਡਿਬਰੂਗੜ੍ਹ ਜੇਲ੍ਹ ਅੰਦਰ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਵੱਲੋਂ ਭੁੱਖ ਹੜਤਾਲ-ਬੀਬੀ ਕਿਰਨਦੀਪ ਕੌਰ

ਅੰਮ੍ਰਿਤਸਰ-ਵਾਰਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਧਰਮ ਪਤਨੀ ਬੀਬੀ ਕਿਰਨਦੀਪ ਕੌਰ ਨੇ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਸਮੇਤ ਬਾਕੀ ਸਿੰਘ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਅੰਦਰ ਭੁੱਖ ਹੜਤਾਲ 'ਤੇ ਹਨ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਡਿਬਰੂਗੜ੍ਹ ਜੇਲ੍ਹ ਨੂੰ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਫ਼ੋਨ ਕਾਲ ਲਈ ਇਜਾਜ਼ਤ ਨਹੀਂ ਦੇ ਰਹੀ ਹੈ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਜੇਲ੍ਹ ਦਾ ਖਾਣਾ ਜਿੱਥੇ ਖਾਣ ਦੇ ਲਾਇਕ ਨਹੀਂ ਹੁੰਦਾ ਉੱਥੇ ਹੀ ਤੰਬਾਕੂ ਵਰਗੇ ਸਿੱਖਾਂ 'ਚ ਵਰਜਿਤ ਪਦਾਰਥ ਪਾਏ ਰਹੇ ਹਨ। ਬੀਬੀ ਕਿਰਨਦੀਪ ਕੌਰ ਨੇ ਦੱਸਿਆ ਕਿ ਉਹ ਹਰ ਹਫ਼ਤੇ ਅੰਮ੍ਰਿਤਪਾਲ ਸਿੰਘ ਨੂੰ ਮਿਲਣ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਜਾਂਦੀ ਹੈ। ਹਰ ਹਫ਼ਤੇ ਵਾਂਗ ਅੱਜ ਦੀ ਮੁਲਾਕਾਤ ਦਾ ਸਮਾਂ ਵੀ ਬਹੁਤ ਛੇਤੀ ਲੰਘ ਗਿਆ। ਅੱਜ ਦੀ ਮੁਲਾਕਾਤ ਤੋਂ ਮੈਨੂੰ ਪੱਤਾ ਲੱਗਾ ਹੈ ਕਿ ਅੰਮ੍ਰਿਤਪਾਲ ਸਿੰਘ ਸਮੇਤ ਬਾਕੀ ਸਿੰਘ ਭੁੱਖ ਹੜਤਾਲ 'ਤੇ ਹਨ, ਇਸ ਦੇ ਕੁਝ ਕਾਰਨ ਹਨ, ਜਿਨ੍ਹਾਂ ਵਿੱਚੋਂ ਇੱਕ ਕਾਰਨ ਇਹ ਹੈ ਕਿ ਉਨ੍ਹਾਂ ਨੂੰ ਫ਼ੋਨ ਕਾਲ ਲਈ ਡਿਬਰੂਗੜ੍ਹ ਜੇਲ੍ਹ ਨੂੰ ਪੰਜਾਬ ਸਰਕਾਰ ਇਜਾਜ਼ਤ ਨਹੀਂ ਦੇ ਰਹੀ, ਇਸ ਵਜ੍ਹਾ ਕਾਰਨ ਪਰਿਵਾਰਾਂ ਨਾਲ ਗੱਲ ਨਹੀਂ ਹੁੰਦੀ। ਜੇਕਰ ਇਹ ਸਹੂਲਤ ਜੋ ਕੀ ਹਰ ਜੇਲ੍ਹ ਵਿੱਚ ਲਾਜ਼ਮ ਹੁੰਦੀ ਹੈ, ਦਿੱਤੀ ਜਾਵੇ ਤਾਂ 20-25,000 ਰੁਪਏ ਜੋ ਕਿ ਇੱਕ ਇਨਸਾਨ ਦਾ ਇੱਕ ਮੁਲਾਕਾਤ ਲਈ ਲੱਗਦਾ ਹੈ ਉਹ ਨਹੀਂ ਲੱਗੇਗਾ। ਹਰ ਪਰਿਵਾਰ ਇਹ ਖਰਚਾ ਨਹੀਂ ਚੁੱਕ ਸਕਦਾ। ਫ਼ੋਨ ਦੀ ਸਹੂਲਤ ਨਾਲ ਅੰਦਰ ਜੋ ਸਿੰਘ ਹਨ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਮਾਨਸਿਕ ਹਾਲਤ ਠੀਕ ਰਹਿ ਸਕਦੀ ਹੈ। ਸਭ ਤੋਂ ਜ਼ਰੂਰੀ ਗੱਲ ਇਹ ਹੈ ਕੇ ਫ਼ੋਨ ਦੀ ਸਹੂਲਤ ਨਾਂਹ ਮਿਲਣ ਕਾਰਨ ਵਕੀਲਾਂ ਨਾਲ ਗੱਲ ਬਾਤ ਵੀ ਨਹੀਂ ਹੋ ਪਾਉਂਦੀ ਜਿਸ ਵਜ੍ਹਾ ਕਰ ਕੇ ਵਕੀਲਾਂ ਨੂੰ ਨਾ ਹੀ ਕੁਝ ਦੱਸਿਆ ਜਾ ਸਕਦਾ ਹੈ ਤੇ ਨਾਂਹ ਹੀ ਪੁੱਛਿਆ। ਇਸ ਕਾਰਨ ਕੇਸ ਲੜਨ ਵਿੱਚ ਬਹੁਤ ਰੁਕਾਵਟ ਆ ਰਹੀ ਹੈ ਅਤੇ ਸਹੀ ਗ਼ਲਤ ਦਾ ਪਤਾ ਨਹੀਂ ਚੱਲ ਰਿਹਾ। ਦੂਜੀ ਗੱਲ ਇਹ ਹੈ ਕਿ ਜੇਲ੍ਹ ਵਿੱਚ ਖਾਣ ਪੀਣ ਦਾ ਪ੍ਰਬੰਧ ਠੀਕ ਨਹੀਂ ਹੈ। ਕਈ ਵਾਰ ਦਾਲ ਸਬਜ਼ੀ ਵਿੱਚ ਨਮਕ ਹੀ ਨਹੀਂ ਪਾਉਂਦੇ ਤੇ ਕਈ ਵਾਰ ਰੋਟੀਆਂ ਜੋ ਖਾਣ ਲਾਇਕ ਨਹੀਂ ਹੁੰਦੀਆਂ ਉਨ੍ਹਾਂ ਵਿੱਚ ਤੰਬਾਕੂ ਮਿਲਦਾ ਹੈ, ਜੋ ਵੀ ਖਾਣਾ ਬਣਾਉਂਦਾ ਹੈ ਉਹ ਤੰਬਾਕੂ ਦੀ ਵਰਤੋਂ ਕਰਦਾ ਹੈ, ਉਨ੍ਹਾਂ ਹੱਥਾਂ ਨਾਲ ਹੀ ਸਿੰਘਾ ਦਾ ਖਾਣਾ ਤਿਆਰ ਕੀਤਾ ਜਾਂਦਾ ਹੈ। ਕਈ ਵਾਰ ਇਹ ਕਹਿ ਕੇ ਸਾਰ ਦਿੰਦੇ ਹਨ ਕੇ ਸਾਨੂੰ ਤੁਹਾਡੀ ਸਮਝ ਨਹੀਂ ਆ ਰਹੀ, ਨਾਂ ਹੀ ਕੋਈ ਇੰਟਰਪ੍ਰੇਟਰ ਹੈ ਜੋ ਸਮਝਾ ਸਕੇ। ਕੁਝ ਕੁ ਸਿੰਘਾਂ ਨੂੰ ਅਜਿਹੇ ਪ੍ਰੈਸ਼ਰ ਕਾਰਨ ਮਾਨਸਿਕ ਤੰਗੀਆਂ ਵੀ ਆ ਰਹੀਆਂ ਹਨ। ਜਿਸ ਕਾਰਨ ਸਿਹਤ 'ਤੇ ਬਹੁਤ ਫ਼ਰਕ ਪੈ ਰਿਹਾ ਹੈ। ਸਰਕਾਰ ਨੂੰ ਜਲਦ ਤੋਂ ਜਲਦ ਇਨ੍ਹਾਂ ਮਸਲਿਆਂ ਦਾ ਹੱਲ ਕਰਨਾ ਚਾਹੀਦਾ ਹੈ। ਇਹ ਕੇਵਲ ਆਮ ਸਹੂਲਤਾਂ ਦੀ ਮੰਗ ਹੈ ਨਾਂਹ ਹੀ ਕੋਈ ਵੀ. ਆਈ. ਪੀ. ਟਰੀਟਮੈਂਟ ਦੀ ਡਿਮਾਂਡ ਹੈ। ਉਨ੍ਹਾਂ ਕਿਹਾ ਕਿ ਉਹ ਅੱਜ ਤੋਂ ਇਸ ਭੁੱਖ ਹੜਤਾਲ ਵਿੱਚ ਆਪਣੇ ਸਰਦਾਰ (ਪਤੀ) ਜੀ ਦੇ ਨਾਲ ਸ਼ਾਮਿਲ ਹਾਂ।



# ਦੂਜੀ ਸੰਸਾਰ ਜੰਗ ਲੜਨ ਵਾਲੇ ਰਜਿੰਦਰ ਸਿੰਘ ਢੱਟ ਦਾ ਬਰਤਾਨੀਆ ਦੇ ਪ੍ਰਧਾਨ ਮੰਤਰੀ ਨੇ ਸਨਮਾਨ ਕੀਤਾ

ਲੰਡਨ-ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ 10 ਡਾਊਨਿੰਗ ਸਟ੍ਰੀਟ ਵਿਖੇ ਬਰਤਾਨੀਆ-ਭਾਰਤ ਹਫ਼ਤਾ ਸਮਾਗਮ ਦੌਰਾਨ ਦੂਜੇ ਵਿਸ਼ਵ ਯੁੱਧ ਵਿੱਚ ਲੜਨ ਵਾਲੇ ਆਖਰੀ ਜਿਊਂਦੇ ਸਿੱਖ ਸੈਨਿਕਾਂ ਵਿੱਚੋਂ ਇੱਕ ਰਜਿੰਦਰ ਸਿੰਘ ਢੱਟ ਨੂੰ ਪੁਆਇੰਟ ਆਫ਼ ਲਾਈਟ ਸਨਮਾਨ ਨਾਲ ਸਨਮਾਨਿਤ ਕੀਤਾ ਹੈ। ਇਸ ਵੇਲੇ ਢੱਟ ਦੀ ਉਮਰ 101 ਸਾਲ ਹੈ। ਸ੍ਰੀ ਢੱਟ 1963 ਤੋਂ ਦੱਖਣ-ਪੱਛਮੀ ਲੰਡਨ ਵਿੱਚ ਹਾਉਂਸਲੋ ਵਿੱਚ ਰਹਿ ਰਹੇ ਹਨ। ਉਹ 1921 ਵਿੱਚ ਭਾਰਤ ਵਿੱਚ ਪੈਦਾ ਹੋਏ ਸਨ।


ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੈਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)
ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.



India Bookworld
Shop Online At:
www.indiabookworld.ca
ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।
ਹੱਸਦੇ ਰਹੋ ਹਸਾਉਂਦੇ ਰਹੋ
A History of the Sikhs — Khushwant Singh
Condition of The Sikhs in Canada 1901-2001 — Gurcharan Singh
ਧੁੱਪਾਂ-ਛਾਂਵਾਂ
ਅਣਗਾਹੇ ਰਾਹ
604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca



idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
iccrc crcic
CANADA IMMIGRATION
• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# 'ਟਾਈਟਨ' ਪਣਡੁੱਬੀ ਦੇ ਮਲਬੇ 'ਚੋਂ ਮਨੁੱਖੀ ਸਰੀਰ ਦੇ ਟੁਕੜੇ ਮਿਲੇ-ਅਮਰੀਕੀ ਤੱਟ ਰੱਖਿਅਕ



ਪੋਰਟਲੈਂਡ (ਅਮਰੀਕਾ)-ਪਣਡੁੱਬੀ 'ਟਾਈਟਨ' ਦੇ ਮਲਬੇ ਵਿੱਚੋਂ ਸੰਭਾਵਿਤ ਮਨੁੱਖੀ ਸਰੀਰ ਦੇ ਟੁਕੜੇ ਬਰਾਮਦ ਕਰ ਲਏ ਗਏ ਹਨ ਅਤੇ ਅਮਰੀਕੀ ਅਧਿਕਾਰੀ ਸਬੂਤਾਂ ਨੂੰ ਵਾਪਸ ਦੇਸ਼ ਲਿਆ ਰਹੇ ਹਨ। ਅਮਰੀਕੀ ਕੋਸਟ ਗਾਰਡ ਨੇ ਇਹ ਜਾਣਕਾਰੀ ਦਿੱਤੀ। ਪਿਛਲੇ ਹਫਤੇ 'ਟਾਈਟਨ' ਜਹਾਜ਼ ਦਾ ਮਲਬਾ ਦੇਖਣ ਲਈ ਅਟਲਾਂਟਿਕ ਸਾਗਰ ਦੇ ਅੰਦਰ ਗਈ 'ਟਾਈਟਨ' ਪਣਡੁੱਬੀ 'ਚ ਅਚਾਨਕ ਧਮਾਕਾ ਹੋ ਗਿਆ ਸੀ। ਇਸ ਹਾਦਸੇ ਵਿੱਚ ਪਣਡੁੱਬੀ 'ਚ ਸਵਾਰ ਟਾਈਟੈਨਿਕ ਮਾਮਲਿਆਂ ਦੇ ਪ੍ਰਮੁੱਖ ਮਾਹਿਰ, ਬ੍ਰਿਟਿਸ਼ ਅਰਬਪਤੀ, ਅਮੀਰ ਪਾਕਿਸਤਾਨੀ ਪਰਿਵਾਰ ਦੇ ਦੋ ਮੈਂਬਰ ਅਤੇ ਮਿਸ਼ਨ ਨੂੰ ਚਲਾਉਣ ਵਾਲੀ ਕੰਪਨੀ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਮਾਰੇ ਗਏ ਸਨ।

# ਹੁਣ ਸੜਕ ਦੀ ਥਾਂ ਅਦਾਲਤ 'ਚ ਲੜਾਈ ਲੜਨਗੇ ਪਹਿਲਵਾਨ

ਨਵੀਂ ਦਿੱਲੀ-ਚੋਟੀ ਦੇ ਪਹਿਲਵਾਨਾਂ ਵਿਨੇਸ਼ ਫੋਗਾਟ, ਸਾਕਸ਼ੀ ਮਲਿਕ ਤੇ ਬਜਰੰਗ ਪੂਨੀਆ ਨੇ ਆਪਣਾ ਸੰਘਰਸ਼ ਖ਼ਤਮ ਕਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਨੇ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਮੁਖੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਖ਼ਿਲਾਫ਼ ਚਾਰਜਸ਼ੀਟ ਦਾਇਰ ਕਰਨ ਦਾ ਵਾਅਦਾ ਪੂਰਾ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਪਹਿਲਵਾਨਾਂ ਨੇ ਬ੍ਰਿਜ ਭੂਸ਼ਣ 'ਤੇ ਜਿਨਸੀ ਛੇੜਛਾੜ ਦੇ ਦੋਸ਼ ਲਾਏ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਲੜਾਈ ਹੁਣ ਅਦਾਲਤ ਵਿਚ ਲੜੀ ਜਾਵੇਗੀ ਨਾ ਕਿ ਸੜਕਾਂ ਉਤੇ। ਵਿਨੇਸ਼ ਤੇ ਸਾਕਸ਼ੀ ਨੇ ਨਾਲ ਹੀ ਕਿਹਾ ਕਿ ਉਹ ਥੋੜ੍ਹੇ ਸਮੇਂ ਲਈ ਸੋਸ਼ਲ ਮੀਡੀਆ ਤੋਂ ਵੀ ਹਟ ਰਹੇ ਹਨ। ਮਲਿਕ ਨੇ ਐਤਵਾਰ ਟਵਿੱਟਰ 'ਤੇ ਲਿਖਿਆ ਕਿ ਉਹ ਹੁਣ ਅਦਾਲਤ ਵਿਚ ਇਨਸਾਫ਼ ਦੀ ਲੜਾਈ ਲੜਨਗੇ। ਬਾਕੀ ਪਹਿਲਵਾਨਾਂ ਨੇ ਵੀ ਐਤਵਾਰ ਇਸੇ ਤਰ੍ਹਾਂ ਦੇ ਟਵੀਟ ਕੀਤੇ ਜਿਸ ਵਿਚ ਉਨ੍ਹਾਂ ਕਿਹਾ ਕਿ ਸਰਕਾਰ ਨੇ ਭਾਜਪਾ ਸੰਸਦ ਮੈਂਬਰ ਖ਼ਿਲਾਫ਼ ਚਾਰਜਸ਼ੀਟ ਦਾਖਲ ਕਰਨ ਦਾ ਵਾਅਦਾ ਪੂਰਾ ਕੀਤਾ ਹੈ। ਤਿੰਨ ਪਹਿਲਵਾਨਾਂ ਵੱਲੋਂ ਕੀਤੇ ਟਵੀਟ ਮੁਤਾਬਕ, 'ਸੱਤ ਜੂਨ ਨੂੰ ਹੋਈ ਗੱਲਬਾਤ ਅਨੁਸਾਰ ਸਰਕਾਰ ਨੇ ਸਾਡੀਆਂ ਮੰਗਾਂ ਮੰਨ ਲਈਆਂ ਹਨ। ਦਿੱਲੀ ਪੁਲੀਸ ਨੇ ਛੇ ਮਹਿਲਾ ਪਹਿਲਵਾਨਾਂ ਵੱਲੋਂ ਦਰਜ ਕਰਵਾਈ ਐਫਆਈਆਰ ਦੇ ਆਧਾਰ 'ਤੇ ਜਾਂਚ ਮਗਰੋਂ 15 ਜੂਨ ਨੂੰ ਚਾਰਜਸ਼ੀਟ ਦਾਖਲ ਕਰ ਦਿੱਤੀ ਹੈ।ਉਨ੍ਹਾਂ ਨਾਲ ਹੀ ਕਿਹਾ ਕਿ ਉਹ ਕੁਸ਼ਤੀ ਫੈਡਰੇਸ਼ਨ ਦੀਆਂ ਨਵੇਂ ਸਿਰਿਓਂ ਹੋਣ ਵਾਲੀਆਂ ਚੋਣਾਂ ਦੀ ਉਡੀਕ ਕਰਨਗੇ ਜੋ ਕਿ ਸਰਕਾਰ ਵੱਲੋਂ ਕੀਤੇ ਗਏ ਵਾਅਦੇ ਮੁਤਾਬਕ 11 ਜੁਲਾਈ ਨੂੰ ਹੋਣੀਆਂ ਹਨ। ਪਹਿਲਵਾਨਾਂ ਨੇ ਕਿਹਾ ਕਿ ਚੋਣਾਂ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਇਸੇ ਦੌਰਾਨ ਮਹਿਲਾ ਪਹਿਲਵਾਨਾਂ ਨੇ ਦਿੱਲੀ ਹਾਈ ਕੋਰਟ ਦਾ ਰੁਖ਼ ਕਰ ਕੇ ਬ੍ਰਿਜ ਭੂਸ਼ਣ ਖ਼ਿਲਾਫ਼ ਦਾਇਰ ਚਾਰਜਸ਼ੀਟ ਦੀ ਨਕਲ ਮੰਗੀ ਹੈ। ਪੁਲੀਸ ਨੇ ਬ੍ਰਿਜ ਭੂਸ਼ਣ ਖ਼ਿਲਾਫ਼ 15 ਜੂਨ ਨੂੰ ਆਈਪੀਸੀ ਧਾਰਾ 354, 354ਏ, 354ਡੀ ਤੇ 506 ਤਹਿਤ ਐਫਆਈਆਰ ਦਰਜ ਕੀਤੀ ਸੀ। ਵਧੀਕ ਮੁੱਖ ਮੈਟਰੋਪੋਲੀਟਨ ਮੈਜਿਸਟਰੇਟ ਹਰਜੀਤ ਸਿੰਘ ਜਸਪਾਲ ਨੇ ਸ਼ਿਕਾਇਤਕਰਤਾਵਾਂ ਦੇ ਵਕੀਲ ਨੂੰ ਅਦਾਲਤ ਤੋਂ ਐਫਆਈਆਰ ਦੀ ਕਾਪੀ ਲੈਣ ਲਈ ਅਰਜ਼ੀ ਦੇਣ ਲਈ ਕਿਹਾ ਹੈ। ਉਨ੍ਹਾਂ ਹੀ ਚਾਰਜਸ਼ੀਟ 'ਤੇ ਵਿਚਾਰ ਕਰਨਾ ਹੈ। ਚਾਰਜਸ਼ੀਟ ਵਿਚ ਕੁਸ਼ਤੀ ਫੈਡਰੇਸ਼ਨ ਦੇ ਮੁਅੱਤਲ ਸਹਾਇਕ ਸਕੱਤਰ ਵਿਨੋਦ ਤੋਮਰ ਦਾ ਵੀ ਨਾਂ ਹੈ। ਇਸ ਕੇਸ ਤੋਂ ਇਲਾਵਾ ਇਕ ਹੋਰ ਐਫਆਈਆਰ 'ਪੋਕਸੋ' ਐਕਟ ਤਹਿਤ ਵੀ ਦਰਜ ਕੀਤੀ ਗਈ ਸੀ। ਹਾਲਾਂਕਿ ਨਾਬਾਲਗ ਦੇ ਕੇਸ ਵਿਚ ਦਿੱਲੀ ਪੁਲੀਸ ਨੇ 15 ਜੂਨ ਨੂੰ ਐਫਆਈਆਰ ਰੱਦ ਕਰਨ ਦੀ ਅਰਜ਼ੀ ਦਿੱਤੀ ਸੀ। ਨਾਬਾਲਗ ਮਹਿਲਾ ਪਹਿਲਵਾਨ ਦੇ ਪਿਤਾ ਨੇ ਮੰਨਿਆ ਸੀ ਕਿ ਉਨ੍ਹਾਂ ਤੇ ਉਨ੍ਹਾਂ ਦੀ ਧੀ ਨੇ 'ਝੂਠਾ ਪੁਲੀਸ ਕੇਸ' ਦਾਇਰ ਕੀਤਾ ਸੀ।

# ਔਰੰਗਜ਼ੇਬ ਲੇਨ ਦਾ ਨਾਮ ਬਦਲ ਕੇ ਡਾ. ਏਪੀਜੇ ਅਬਦੁਲ ਕਲਾਮ ਮਾਰਗ ਕੀਤਾ

ਨਵੀਂ ਦਿੱਲੀ-ਦਿੱਲੀ ਦੇ ਲੁਟੀਅਨਜ਼ ਵਿੱਚ ਔਰੰਗਜ਼ੇਬ ਲੇਨ ਦਾ ਨਾਮ ਬਦਲ ਕੇ ਡਾ. ਏਪੀਜੇ ਅਬਦੁੱਲ ਕਲਾਮ ਲੇਨ ਕਰ ਦਿੱਤਾ ਗਿਆ ਹੈ। ਐੱਨਡੀਐੱਮਸੀ ਨੇ ਅੱਜ ਇਹ ਐਲਾਨ ਕੀਤਾ। ਨਵੀਂ ਦਿੱਲੀ ਮਿਉਂਸਿਪਲ ਕਾਰਪੋਰੇਸ਼ਨ ਦੇ ਮੈਂਬਰਾਂ ਦੀ ਮੀਟਿੰਗ 'ਚ ਇਸ ਮਾਰਗ ਦਾ ਨਾਮ ਬਦਲਣ ਨੂੰ ਮਨਜ਼ੂਰੀ ਦਿੱਤੀ ਗਈ ਹੈ। ਐੱਨਡੀਐੱਮਸੀ ਨੇ ਅਗਸਤ 2015 ਵਿੱਚ ਔਰੰਗਜ਼ੇਬ ਰੋਡ ਦਾ ਨਾਮ ਬਦਲ ਕੇ ਡਾ. ਏਪੀਜੇ ਅਬਦੁੱਲ ਕਲਾਮ ਕਰ ਦਿੱਤਾ ਸੀ। ਐੱਨਡੀਐੱਮਸੀ ਦੇ ਉਪ ਚੇਅਰਮੈਨ ਸਤੀਸ਼ ਉਪਾਧਿਆਏ ਨੇ ਕਿਹਾ, "ਨਵੀਂ ਦਿੱਲੀ ਮਿਉਂਸਿਪਲ ਐਕਟ, 1994 ਦੀ ਧਾਰਾ 231 ਦੀ ਉਪ ਧਾਰਾ (1) ਦੇ ਕਲਾਜ਼ (ਏ) ਤਹਿਤ 'ਔਰੰਗਜ਼ੇਬ ਲੇਨ' ਦਾ ਨਾਮ ਬਦਲ ਕੇ 'ਡਾ. ਏਪੀਜੇ ਅਬਦੁੱਲ ਕਲਾਮ ਲੇਨ' ਕਰਨ 'ਤੇ ਚਰਚਾ ਲਈ ਕੌਂਸਲ ਸਾਹਮਣੇ ਏਜੰਡਾ ਰੱਖਿਆ ਗਿਆ ਸੀ।"

# ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕੈਨੇਡੀਅਨ ਸਾਥੀਆਂ ਨਾਲੋਂ ਮੁਸ਼ਕਿਲ ਨੌਕਰੀ ਦੀਆਂ ਸੰਭਾਵਨਾਵਾਂ ਦਾ ਸਾਹਮਣਾ

ਸਫ਼ਾ 1 ਦੀ ਬਾਕੀ

ਚੰਗਾ ਨਹੀਂ ਕਰ ਰਹੇ। ਜਿਵੇਂ ਪੱਤਰਕਾਰ ਜ਼ਿਆਊ ਜ਼ੂ ਲਿਖਦੇ ਹਨ, ਵੈਨਕੂਵਰ ਵਿਚ ਲਾਂਗਰਾ ਕਾਲਜ ਵਿਖੇ ਭੂਗੋਲਿਕ ਫੈਕੁਲਟੀ ਮੈਂਬਰ ਡਾ. ਜੇਨੀ ਫ੍ਰਾਂਸਿਸ ਨੇ ਲਾਂਗਰਾ ਅਤੇ ਪ੍ਰਿੰਸ ਜਾਰਜ ਵਿਚ ਕਾਲਜ ਆਫ ਨਿਊ ਕੈਲੇਡੋਨੀਆ ਵਿਚ ਪੜ੍ਹਦੇ 7000 ਵਿਦਿਆਰਥੀਆਂ ਨੂੰ ਸਰਵੇਖਣ ਲਈ 60 ਸਵਾਲ ਭੇਜੇ ਅਤੇ 1200 ਵਿਦਿਆਰਥੀ ਇਸ ਸਰਵੇਖਣ ਵਿਚ ਹਿੱਸਾ ਲੈਣ ਲਈ ਸਹਿਮਤ ਹੋ ਗਏ। ਸਰਵੇਖਣ ਦੇ ਮੁਕੰਮਲ ਨਤੀਜੇ ਇਸ ਸਾਲ ਦੇ ਅਖੀਰ ਵਿਚ ਪ੍ਰਕਾਸ਼ਤ ਕੀਤੇ ਜਾਣਗੇ ਪਰ ਡਾ. ਫ੍ਰਾਂਸਿਸ ਨੇ ਗਲੋਬ ਤੇ ਮੇਲ ਨਾਲ ਆਪਣੇ ਸ਼ੁਰੂਆਤੀ ਨਤੀਜਾ ਸਾਂਝੇ ਕੀਤੇ ਹਨ। ਖੋਜ ਵਿਚ ਪਾਇਆ ਕਿ ਸਰਵੇਖਣ ਵਿਚ ਸ਼ਾਮਿਲ ਬਹੁਤੇ ਵਿਦਿਆਰਥੀ ਕੈਨੇਡਾ ਵਿਚ ਰਹਿਣਾ ਚਾਹੁੰਦੇ ਹਨ ਪਰ ਸਟੈਟਿਸਟਿਕਸ ਕੈਨੇਡਾ ਦੇ ਅੰਕੜੇ ਦੱਸਦੇ ਹਨ ਕਿ 10 ਸਾਲਾਂ ਵਿਚ ਉਨ੍ਹਾਂ ਵਿਚੋਂ ਬੈਚਲਰ ਡਿਗਰੀ ਲੈਣ ਵਾਲੇ ਕੇਵਲ 30 ਫ਼ੀਸਦੀ ਹੀ ਆਪਣਾ ਪਹਿਲਾ ਸਟੱਡੀ ਪਰਮਿਟ ਲੈਣ ਪਿੱਛੋਂ ਕੈਨੇਡਾ ਦੇ ਪੀਆਰ ਹੋਏ ਹਨ। ਮਾਸਟਰ ਡਿਗਰੀ ਕਰਨ ਵਾਲਿਆਂ ਦੀ ਦਰ ਥੋੜੀ ਜਿਹੀ ਜ਼ਿਆਦਾ 50 ਫ਼ੀਸਦੀ ਹੈ ਅਤੇ ਡਾਕਟਰੇਟ ਡਿਗਰੀ ਵਾਲਿਆਂ ਦੀ ਦਰ 60 ਫ਼ੀਸਦੀ ਹੈ। ਸੂਬਿਆਂ ਵਿਚ ਬ੍ਰਿਟਿਸ਼ ਕੋਲੰਬੀਆ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਪੀਆਰ ਹੋਣ ਦੀ ਦਰ ਸਭ ਤੋਂ ਘੱਟ ਹੈ। ਡਾ. ਫ੍ਰਾਂਸਿਸ ਕਹਿੰਦੀ ਹੈ ਕਿ ਮੈਂ ਮਹਿਸੂਸ ਕਰਦੀ ਹਾਂ ਕਿ ਵਿਦਿਆਰਥੀਆਂ ਨੂੰ ਇਕ ਸੁਪਨਾ ਵੇਚਿਆ ਗਿਆ ਹੈ। ਸਮੱਸਿਆ ਦਾ ਇਕ ਹਿੱਸਾ ਇਹ ਹੈ ਕਿ ਕੈਨੇਡਾ ਚਾਹੁੰਦਾ ਹੈ ਕਿ ਉਨ੍ਹਾਂ ਵਿਦਿਆਰਥੀਆਂ ਵਿਚੋਂ ਕੇਵਲ 30 ਅਤੇ 50 ਫ਼ੀਸਦੀ ਵਿਚਕਾਰ ਹੀ ਇਥੇ ਰਹਿਣ, ਇਸ ਲਈ ਵਿਦਿਆਰਥੀਆਂ ਲਈ ਉਪਲਬਧ ਸਹਾਇਤਾ ਘੱਟ ਹੈ। ਬਹੁਤ ਸਾਰੇ ਵਿਦਿਆਰਥੀ ਮਕਾਨ ਦਾ ਕਿਰਾਇਆ ਦੇਣ ਲਈ ਸਭ ਤੋਂ ਘੱਟ ਦਿਹਾੜੀ ਵਾਲੀਆਂ ਨੌਕਰੀਆਂ ਕਰਦੇ ਹਨ ਜਿਸ ਕਾਰਨ ਉਨ੍ਹਾਂ ਨੂੰ ਪੜ੍ਹਾਈ ਦੇ ਖੇਤਰ ਵਿਚ ਉੱਤਮਤਾ ਰੱਖਣ ਵਿਚ ਮੁਸ਼ਕਿਲ ਆਉਂਦੀ ਹੈ। ਆਪਣੇ ਪ੍ਰੋਗਰਾਮ ਦੇ ਅਖੀਰ ਵਿਚ ਉਨ੍ਹਾਂ ਨੂੰ ਆਪਣੇ ਖੇਤਰ ਦੀ ਨੌਕਰੀ ਲੱਭਣ ਵਿਚ ਮੁਸ਼ਕਿਲ ਪੇਸ਼ ਆਉਂਦੀ ਹੈ। ਯੂਬੀਸੀ ਸੈਂਟਰ ਫਾਰ ਮਾਈਗ੍ਰੇਸ਼ਨ ਸਟੱਡੀਜ਼ ਵਿਖੇ ਰਿਸਰਚਰ ਡਾ. ਸੈਂਡਰਾ ਸ਼ਿਨਰਲ ਨੇ ਪਾਇਆ ਕਿ ਨਾਗਰਿਕਤਾ ਪ੍ਰਾਪਤ ਕਰਨ ਦੀ ਪ੍ਰਕਿਰਿਆ ਵਿਚੋਂ ਲੰਘਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਪਿਛਲੇ ਦੋ ਦਹਾਕਿਆਂ ਵਿਚ ਲਗਪਗ 30 ਫ਼ੀਸਦੀ ਰਹੀ ਹੈ। ਨੀਤੀ ਦੇ ਨਜ਼ਰੀਏ ਤੋਂ ਕੁਝ ਵੀ ਨਹੀਂ ਬਦਲਿਆ ਪਰ ਤੁਹਾਡੇ ਕੋਲ ਨਿਰਾਸ਼ ਹੋਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਧੀ ਹੈ।

# ਆਮ ਆਦਮੀ ਪਾਰਟੀ ਵਲੋਂ ਮੋਦੀ ਸਰਕਾਰ ਦੇ ਸਾਂਝੇ ਸਿਵਲ ਕੋਲਡ ਦੀ ਹਮਾਇਤ

ਸਫ਼ਾ 3 ਦੀ ਬਾਕੀ

ਸੰਵਿਧਾਨ ਦੀ ਧਾਰਾ 44 ਵੀ ਇਸ ਦੀ ਵਕਾਲਤ ਕਰਦੀ ਹੈ।" ਉਧਰ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਸੰਵਿਧਾਨ ਦੀ ਧਾਰਾ 44 ਵਿੱਚ ਸਾਂਝੇ ਸਿਵਲ ਕੋਡ ਦੀ ਵਿਵਸਥਾ ਹੈ। ਇਸ ਲਈ "ਅਸੀਂ ਵੀ ਸਿਧਾਂਤਕ ਤੌਰ 'ਤੇ ਇਸ ਦੀ ਹਮਾਇਤ ਕਰਦੇ ਹਾਂ।" ਉਨ੍ਹਾਂ ਕਿਹਾ ਕਿ ਦੇਸ਼ 'ਚ ਸਾਰੇ ਧਰਮਾਂ ਦੇ ਲੋਕ ਰਹਿੰਦੇ ਹਨ ਤੇ ਸਾਰੇ ਧਰਮਾਂ ਦੇ ਵੱਖ-ਵੱਖ ਧਾਰਮਿਕ ਰੀਤੀ-ਰਿਵਾਜ ਤੇ ਕਾਨੂੰਨ ਹਨ। ਇਸ ਲਈ ਕੇਂਦਰ ਸਰਕਾਰ ਨੂੰ ਸਾਰੇ ਧਰਮਾਂ ਅਤੇ ਰਾਜਾਂ ਦੇ ਨੁਮਾਇੰਦਿਆਂ ਦੀ ਰਾਏ ਨਾਲ ਹੀ ਸਾਂਝਾ ਸਿਵਲ ਕੋਡ ਲਾਗੂ ਕਰਨਾ ਚਾਹੀਦਾ ਹੈ। ਕੰਗ ਨੇ ਕਿਹਾ ਕਿ ਆਨੰਦ ਕਾਰਜ ਐਕਟ ਅਤੇ ਦੂਜੇ ਧਰਮਾਂ ਦੇ ਧਾਰਮਿਕ ਰੀਤੀ-ਰਿਵਾਜਾਂ ਦਾ ਸਤਿਕਾਰ ਕੀਤਾਜਾਣਾ ਚਾਹੀਦਾ ਹੈ। ਦੇਸ਼ ਵਿੱਚ ਸਾਰੇ ਧਰਮਾਂ ਨੂੰ ਬਰਾਬਰ ਅਧਿਕਾਰ ਅਤੇ ਨਿਆਂ ਮਿਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ 'ਆਪ' ਨੇ ਦਿੱਲੀ ਵਿੱਚ ਆਨੰਦ ਕਾਰਜ ਐਕਟ ਲਾਗੂ ਕਰ ਦਿੱਤਾ ਹੈ, ਜਲਦ ਹੀ ਇਸ ਐਕਟ ਨੂੰ ਪੰਜਾਬ ਵਿੱਚ ਲਾਗੂ ਕੀਤਾ ਜਾਵੇਗਾ। ਉਧਰ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਸਿਆਸੀ ਵਿਰੋਧੀਆਂ ਵੱਲੋਂ ਸਾਂਝੇ ਸਿਵਲ ਕੋਡ ਦੇ ਮੁੱਦੇ ਨੂੰ ਸਿਆਸੀ ਰੰਗਤ ਦਿੱਤੀ ਜਾ ਰਹੀ ਹੈ। ਜੋਧਪੁਰ ਵਿੱਚ ਰੈਲੀ ਨੂੰ ਸੰਬੋਧਨ ਕਰਦਿਆਂ ਸਿੰਘ ਨੇ ਕਿਹਾ, "ਸਮਾਜ ਵਿੱਚ ਵੰਡੀਆਂ ਪਾ ਕੇ ਨਹੀਂ ਬਲਕਿ ਸਮਾਜ ਤੇ ਦੇਸ਼ ਨੂੰ ਨਾਲ ਲੈ ਕੇ ਸਿਆਸਤ ਕੀਤੀ ਜਾਣੀ ਚਾਹੀਦੀ ਹੈ। ਅਸੀਂ ਜੋ ਕੁਝ ਕਰਨ ਜਾ ਰਹੇ ਹਾਂ, ਉਹ ਭਾਰਤੀ ਸੰਵਿਧਾਨ ਵਿਚ ਲਿਖਿਆ ਹੋਇਆ ਹੈ। ਅਸੀਂ ਉਸੇ ਵਾਅਦੇ ਨੂੰ ਪੂਰਾ ਕਰਨ ਜਾ ਰਹੇ ਹਾਂ। ਕੀ ਇਕ ਦੇਸ਼ ਇਕ ਕਾਨੂੰਨ ਨਹੀਂ ਹੋਣਾ ਚਾਹੀਦਾ?" ਭਾਜਪਾ ਆਗੂ ਤੇ ਸਾਬਕਾ ਕੇਂਦਰੀ ਗ੍ਰਹਿ ਮੰਤਰੀ ਮੁਖ਼ਤਾਰ ਅੱਬਾਸ ਨਕਵੀ ਨੇ ਵਿਰੋਧੀ ਪਾਰਟੀਆਂ 'ਤੇ ਤਨਜ਼ ਕਰਦਿਆਂ ਕਿਹਾ ਕਿ ਸਮਾਂ ਆ ਗਿਆ ਹੈ ਜਦੋਂ ਸਾਂਝੇ ਸਿਵਲ ਕੋਡ ਨੂੰ ਇਨ੍ਹਾਂ 'ਫਿਰਕੂ ਸ਼ਿਲਪਕਾਰਾਂ' ਤੋਂ ਮੁਕਤ ਕਰਨ ਦੀ ਲੋੜ ਹੈ, ਕਿਉਂਕਿ ਇਹ ਕਾਨੂੰਨ ਕਿਸੇ ਇਕ ਖਾਸ ਫਿਰਕੇ ਲਈ ਨਹੀਂ ਬਲਕਿ ਪੂਰੇ ਸਮਾਜ ਲਈ ਹੈ। ਇਸ ਦੌਰਾਨ ਐੱਨਸੀਪੀ ਆਗੂ ਸ਼ਰਦ ਪਵਾਰ ਨੇ ਕਿਹਾ ਕਿ ਸਾਂਝੇ ਸਿਵਲ ਕੋਡ ਨਾਲ ਜੁੜਿਆ ਮਸਲਾ 'ਸਿਆਸੀ ਚਾਲ' ਹੈ ਤੇ ਅਜਿਹੇ ਫੈਸਲੇ ਕਾਹਲੀ ਵਿਚ ਨਹੀਂ ਲੈਣੇ ਚਾਹੀਦੇ। ਐੱਨਸੀਪੀ ਦੇ ਕਾਰਜਕਾਰੀ ਪ੍ਰਧਾਨ ਪ੍ਰਫੁੱਲ ਪਟੇਲ ਨੇ ਕਿਹਾ, "ਅਸੀਂ ਸਾਂਝੇ ਸਿਵਲ ਕੋਡ ਦਾ ਨਾ ਹਮਾਇਤ ਤੇ ਨਾ ਹੀ ਵਿਰੋਧ ਕੀਤਾ ਹੈ। ਅਸੀਂ ਤਾਂ ਸਿਰਫ਼ ਇੰਨੀ ਗੱਲ ਆਖ ਰਹੇ ਹਾਂ ਕਿ ਅਜਿਹੇ ਵੱਡੇ ਫੈਸਲੇ ਕਾਹਲੀ ਵਿਚ ਨਹੀਂ ਲਏ ਜਾਣੇ ਚਾਹੀਦੇ।" ਸੀਨੀਅਰ ਕਾਂਗਰਸ ਆਗੂ ਪੀ. ਚਿਦੰਬਰਮ ਨੇ ਕਿਹਾ ਕਿ 'ਇਕ ਏਜੰਡੇ 'ਤੇ ਚੱਲ ਰਹੀ ਬਹੁਮਤ ਸਰਕਾਰ' ਵੱਲੋਂ ਲੋਕਾਂ 'ਤੇ ਕੋਡ ਨਹੀਂ ਥੋਪਿਆ ਜਾਣਾ ਚਾਹੀਦਾ ਕਿਉਂਕਿ ਇਸ ਨਾਲ ਲੋਕਾਂ ਵਿੱਚ 'ਵੰਡੀਆਂ ਦਾ ਪਾੜਾ' ਹੋਰ ਵਧੇਗਾ। ਜੇਡੀਯੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਦਾ ਸਾਂਝੇ ਸਿਵਲ ਕੋਡ ਬਾਰੇ ਬਿਆਨ ਲੋਕ ਸਭਾ ਚੋਣਾਂ ਤੋਂ ਪਹਿਲਾਂ 'ਸਿਆਸੀ ਸਟੰਟ' ਹੈ ਤੇ ਇਸ ਦਾ ਘੱਟਗਿਣਤੀਆਂ ਦੀ ਭਲਾਈ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਇੰਡੀਅਨ ਯੂਨੀਅਨ ਮੁਸਲਿਮ ਲੀਗ ਨੇ ਵੀ ਕੋਡ ਦਾ ਸਖ਼ਤੀ ਨਾਲ ਵਿਰੋਧ ਕੀਤਾ ਹੈ।


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™
BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL
604-716-2135

MORTGAGES 1st, 2nd or Private
BHAJAN ATWAL
604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions & Get Sold Guaranteed
We Help Buyers With Cash Back
Buy, Sell, Mortgage or Build With Us:



amex A Mark of EXcellence
CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426



## ਏਅਰ ਇੰਡੀਆ ਬੰਬ ਕਾਂਡ ਦੇ ਪੀੜਤਾਂ ਦੀ ਯਾਦ ਵਿਚ ਸਾਲਾਨਾ ਸਮਾਗਮ

ਸਰੀ (ਹਰਦਮ ਮਾਨ)-23 ਜੂਨ 1985 ਨੂੰ ਏਅਰ ਇੰਡੀਆ ਦੀਆਂ ਦੋ ਉਡਾਣਾਂ ਵਿੱਚ ਹੋਏ ਬੰਬ ਧਮਾਕਿਆਂ ਵਿਚ ਮਾਰੇ ਗਏ 331 ਵਿਅਕਤੀਆਂ ਦੀ ਸਾਲਾਨਾ ਯਾਦਗਾਰ ਬੀਤੇ ਦਿਨ ਵੈਨਕੂਵਰ ਵਿੱਚ ਸਟੈਨਲੇ ਪਾਰਕ ਦੇ ਸੇਪਰਲੇ ਖੇਡ ਦੇ ਮੈਦਾਨ ਵਿੱਚ ਮਨਾਈ ਗਈ। ਇਸ ਮੌਕੇ ਪੀੜਤ ਦੇ ਪਰਿਵਾਰਕ ਮੈਂਬਰਾਂ ਅਤੇ ਸਿਹਤ ਮੰਤਰੀ ਐਡਰੀਅਨ ਡਿਕਸ, ਰਾਜ ਮੰਤਰੀ ਜਾਰਜ ਚਾਉ, ਭਾਰਤੀ ਕੌਂਸਲ ਜਨਰਲ ਮਨੀਸ਼, ਲਿਬਰਲ ਐਮ.ਪੀ. ਤਾਲਿਬ ਨੂਰ ਮੁਹੰਮਦ, ਐਨ.ਡੀ.ਪੀ. ਵਿਧਾਇਕ ਜਿੰਨੀ ਸਿਮਸ, ਬੀ.ਸੀ. ਦੇ ਸਾਬਕਾ ਪ੍ਰੀਮੀਅਰ ਉੱਜਲ ਦੁਸਾਂਝ ਅਤੇ ਸਾਬਕਾ ਵਿਧਾਇਕ ਡੇਵ ਹੇਅਰ ਨੇ ਉਨ੍ਹਾਂ ਨੂੰ ਸ਼ਰਧਾਂਜ਼ਲੀ ਭੇਂਟ ਕੀਤੀ। ਜ਼ਿਕਰਯੋਗ ਹੈ ਕਿ 23 ਜੂਨ, 1985 ਨੂੰ ਆਇਰਲੈਂਡ ਦੇ ਤੱਟ 'ਤੇ ਏਅਰ ਇੰਡੀਆ ਦੀ ਫਲਾਈਟ 182 ਵਿਚ ਭਿਆਨਕ ਬੰਬ ਧਮਾਕਾ ਹੋਇਆ ਸੀ, ਜਿਸ ਵਿਚ 329 ਲੋਕਾਂ ਦੀ ਮੌਤ ਹੋ ਗਈ ਸੀ ਅਤੇ ਉਸੇ ਦਿਨ ਜਾਪਾਨ ਵਿਚ ਏਅਰ ਇੰਡੀਆ ਦੇ ਇਕ ਹੋਰ ਜਹਾਜ਼ ਵਿਚ ਨਰੀਤਾ (ਜਾਪਾਨ) ਹਵਾਈ ਅੱਡੇ ਵਿਚ ਧਮਾਕਾ ਹੋਇਆ ਸੀ, ਜਿਸ ਵਿਚ ਦੋ ਸਾਮਾਨ ਸੰਭਾਲਣ ਵਾਲੇ ਮਾਰੇ ਗਏ ਸਨ।

# ਗੁਰਦੁਆਰਾ ਨਾਨਕ ਨਿਵਾਸ ਵਿਖੇ ਪੰਜਾਬੀ ਕਲਾਸਾਂ ਦੇ ਬੱਚਿਆਂ ਨੂੰ ਸਰਟੀਫੀਕੇਟ ਪ੍ਰਦਾਨ ਕੀਤੇ

ਸਰੀ (ਹਰਦਮ ਮਾਨ)-ਰਿਚਮੰਡ ਸਥਿਤ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ (ਗੁਰਦੁਆਰਾ ਨਾਨਕ ਨਿਵਾਸ ਨੰਬਰ 5 ਰੋਡ) ਵਿਖੇ ਚੱਲ ਰਹੀਆਂ ਪੰਜਾਬੀ ਕਲਾਸਾਂ ਦੇ ਬੱਚਿਆਂ ਨੂੰ ਉਤਸ਼ਾਹਿਤ ਕਰਦਿਆਂ ਗੁਰਦੁਆਰਾ ਸਾਹਿਬ ਦੀ ਚੇਅਰ ਪਰਸਨ ਬੀਬੀ ਕਸ਼ਮੀਰ ਕੌਰ ਜੌਹਲ ਨੇ ਸਰਟੀਫੀਕੇਟ ਅਤੇ ਇਨਾਮ ਪ੍ਰਦਾਨ ਕੀਤੇ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਬਲਵੰਤ ਸਿੰਘ ਸੰਘੇੜਾ ਨੇ ਇਸ ਮੌਕੇ ਬੋਲਦਿਆਂ ਅਧਿਆਪਿਕਾ ਸ਼ਮਿੰਦਰਜੀਤ ਕੌਰ ਅਤੇ ਉਨ੍ਹਾਂ ਦੇ ਸਹਿਯੋਗੀ ਨਰਿੰਦਰ ਕੌਰ ਬਾਧ, ਕੁਲਵਿੰਦਰ (ਕੈਲੀ) ਸਿੱਧੂ ਅਤੇ ਹੋਰ ਸੇਵਾਦਾਰਾਂ ਵੱਲੋਂ ਬਹੁਤ ਹੀ ਸੁਚੱਜੇ ਢੰਗ ਨਾਲ ਬੱਚਿਆਂ ਨੂੰ ਮਾਂ ਬੋਲੀ ਪੰਜਾਬੀ ਅਤੇ ਗੁਰਬਾਣੀ ਨਾਲ ਜੋੜਨ ਦੇ ਕਾਰਜ ਦੀ ਸ਼ਲਾਘਾ ਕੀਤੀ। ਉਨ੍ਹਾਂ ਬੀਬੀ ਕਸ਼ਮੀਰ ਕੌਰ ਜੌਹਲ, ਬੀਬੀ ਅਮਰਜੀਤ ਕੌਰ ਗਰੇਵਾਲ, ਸਿੱਧੂ ਪਰਿਵਾਰ, ਬੱਚਿਆਂ ਦੇ ਮਾਪਿਆਂ ਅਤੇ ਸੰਗਤਾਂ ਦਾ ਵੀ ਧੰਨਵਾਦ ਕੀਤਾ। 25 ਜੂਨ ਬੱਚਿਆਂ ਦਾ ਆਖਰੀ ਸਕੂਲ ਦਿਨ ਸੀ ਅਤੇ ਇਸ ਮੌਕੇ ਬੱਚਿਆਂ ਨੇ ਸਜੇ ਦਰਬਾਰ ਹਾਲ ਵਿਚ ਬਹੁਤ ਹੀ ਪਿਆਰ ਅਤੇ ਸਤਿਕਾਰ ਨਾਲ "ਖਾਲਸਾ ਮੇਰੋ ਰੂਪ ਹੈ ਖਾਸ, ਖਾਲਸਹ ਮਹਿ ਹਉ ਕਰਹੁ ਨਿਵਾਸ" ਸ਼ਬਦ ਗਾਇਣ ਕਰ ਕੇ ਸੰਗਤਾਂ ਨੂੰ ਨਿਹਾਲ ਕੀਤਾ।






## ਪੰਜਾਬ ਦੇ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਨਹੀਂ ਰਹੇ



ਮੁਹਾਲੀ-ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਨਹੀਂ ਰਹੇ। ਉਹ 73 ਸਾਲ ਦੇ ਸਨ ਤੇ ਅੱਜ ਸਵੇਰੇ 11 ਵਜੇ ਉਨ੍ਹਾਂ ਆਖਰੀ ਸਾਹ ਲਿਆ। ਉਹ ਕਾਫ਼ੀ ਸਮੇਂ ਤੋਂ ਪਟਿਆਲਾ ਵਿੱਚ ਰਹਿ ਰਹੇ ਸਨ। ਕਾਂਗਰਸ ਦੀ ਟਿਕਟ 'ਤੇ ਖਰੜ ਤੋਂ ਵਿਧਾਇਕ ਚੁਣੇ ਜਾਣ ਤੋਂ ਬਾਅਦ ਉਹ ਤੱਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਵਜ਼ਾਰਤ ਵਿੱਚ ਪੰਜਾਬ ਦੇ ਡਿਪਟੀ ਸਪੀਕਰ ਰਹੇ ਅਤੇ ਇਲਾਕੇ ਦੀ ਤਰੱਕੀ ਲਈ ਕਾਫੀ ਸਖ਼ਤ ਮਿਹਨਤ ਕੀਤੀ।

ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

604-594-0616



# ਬਰਾਬਰ ਦੇ ਮੌਕਿਆਂ ਦੀ ਵਿਵਸਥਾ ਅਤੇ ਹਕੀਕਤ

ਡਾ. ਸ. ਸ. ਛੀਨਾ

ਪ੍ਰਮਾਣ ਦੀ ਲੋੜ ਉਸ ਵਕਤ ਹੁੰਦੀ ਹੈ ਜਦੋਂ ਕੋਈ ਗੱਲ ਸਪੱਸ਼ਟ ਨਾ ਹੋਵੇ ਪਰ ਜੋ ਸਾਹਮਣੇ ਸਪੱਸ਼ਟ ਹੈ, ਉਸ ਲਈ ਪ੍ਰਮਾਣ ਦੇਣ ਦੀ ਕੀ ਲੋੜ ਹੈ ? ਉਂਝ ਤਾਂ ਸਭ ਨੂੰ ਬਰਾਬਰੀ ਦਾ ਹੱਕ ਹੈ ਪਰ ਬਰਾਬਰੀ ਦੇ ਇਸ ਹੱਕ ਤੋਂ ਬਹੁਤ ਸਾਰੇ ਲੋਕ ਦੂਰ ਹੋ ਜਾਂਦੇ ਹਨ ਅਤੇ ਮਿਲਿਆ ਹੋਇਆ ਬਰਾਬਰੀ ਦਾ ਹੱਕ ਨਹੀਂ ਮਾਣ ਸਕਦੇ। ਭਾਰਤ ਵਿਚ ਪੜ੍ਹੇ-ਲਿਖਿਆਂ ਦੀ ਗਿਣਤੀ ਸਿਰਫ 74 ਫੀਸਦੀ ਹੈ ਜਿਸ ਦਾ ਅਰਥ ਹੈ ਕਿ 100 ਵਿਚੋਂ 26 ਬੱਚੇ ਅਨਪੜ੍ਹ ਰਹਿ ਜਾਂਦੇ ਹਨ। ਪੜ੍ਹੇ-ਲਿਖੇ ਦੀ ਪਰਿਭਾਸ਼ਾ ਇਹ ਦਿੱਤੀ ਜਾਂਦੀ ਹੈ ਕਿ ਜਿਹੜਾ 8 ਜਮਾਤਾਂ ਪਾਸ ਕਰ ਲੈਂਦਾ ਹੈ, ਉਹ ਪੜ੍ਹਿਆ-ਲਿਖਿਆ ਗਿਣਿਆ ਜਾਂਦਾ ਹੈ। ਇੱਥੇ ਇਹ ਜ਼ਿਕਰ ਜ਼ਰੂਰੀ ਹੈ ਕਿ 14 ਸਾਲ ਤਕ ਵਿਦਿਆ ਮੁਫਤ ਵੀ ਹੈ ਅਤੇ ਲਾਜ਼ਮੀ ਵੀ, ਫਿਰ ਵੀ 8ਵੀਂ ਤੋਂ ਪਹਿਲਾਂ ਹੀ 100 ਵਿਚੋਂ 26 ਬੱਚੇ ਪੜ੍ਹਾਈ ਛੱਡ ਜਾਂਦੇ ਹਨ। ਉਹ 26 ਬੱਚੇ ਜਿਹੜੇ ਪੜ੍ਹਾਈ ਛੱਡਦੇ ਹਨ, ਕਿਸੇ ਖੇਡ ਜਾਂ ਕਿਸੇ ਸ਼ੌਕ ਕਰ ਕੇ ਨਹੀਂ ਬਲਕਿ ਮਜਬੂਰੀ ਕਰ ਕੇ ਛੱਡਦੇ ਹਨ ਅਤੇ ਘਰਾਂ, ਢਾਬਿਆਂ, ਦੁਕਾਨਾਂ, ਫੈਕਟਰੀਆਂ, ਖੇਤੀ ਆਦਿ ਵਿਚ ਕੰਮ ਕਰਦੇ ਹਨ। ਬੱਚਿਆਂ ਦੀ ਕਿਰਤ (ਬਾਲ ਮਜ਼ਦੂਰੀ) ਦੀ ਕਾਨੂੰਨੀ ਮਨਾਹੀ ਦੇ ਬਾਵਜੂਦ ਭਾਰਤ ਹੀ ਉਹ ਦੇਸ਼ ਹੈ ਜਿਥੇ ਦੁਨੀਆ ਵਿਚ ਸਭ ਤੋਂ ਵੱਧ 3 ਕਰੋੜ ਬੱਚੇ ਮਜ਼ਦੂਰੀ ਕਰਨ ਲਈ ਮਜਬੂਰ ਹਨ। 1950 ਵਿਚ ਇਹ ਗਿਣਤੀ ਇਕ ਕਰੋੜ ਸੀ ਅਤੇ ਸੱਤ ਦਹਾਕਿਆਂ ਵਿਚ ਇਹ ਤਿੰਨ ਗੁਣਾ ਹੋ ਗਈ ਹੈ ਅਤੇ ਇਸ ਵਿਚ ਹੋਰ ਵਾਧਾ ਹੋ ਰਿਹਾ ਹੈ। ਉਹ ਬੱਚੇ ਜਿਹੜੇ ਬਾਲ ਮਜ਼ਦੂਰੀ ਕਰਦੇ ਹਨ ਤੇ ਅੱਠਵੀਂ ਜਮਾਤ ਤੋਂ ਪਹਿਲਾਂ ਪੜ੍ਹਾਈ ਛੱਡ ਜਾਂਦੇ ਹਨ, ਉਹ ਬਰਾਬਰ ਦੇ ਮੌਕਿਆਂ ਦੇ ਹੱਕ ਦੀ ਵਰਤੋਂ ਕਿਸ ਤਰ੍ਹਾਂ ਕਰ ਸਕਦੇ ਹਨ ?

ਦੇਸ਼ ਦੀ 142 ਕਰੋੜ ਵਿਚੋਂ 22 ਫੀਸਦੀ ਵਸੋਂ ਉਹ ਹੈ ਜਿਹੜੀ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ ਪਰ ਗਰੀਬੀ ਦੀ ਰੇਖਾ ਦੀ ਪਰਿਭਾਸ਼ਾ ਇਹ ਕੀਤੀ ਜਾਂਦੀ ਹੈ ਕਿ ਜਿਹੜਾ ਸ਼ਖ਼ਸ ਪਿੰਡਾਂ ਵਿਚ ਰੋਜ਼ਾਨਾ 27 ਰੁਪਏ ਅਤੇ ਸ਼ਹਿਰਾਂ ਵਿਚ 32 ਰੁਪਏ ਰੋਜ਼ਾਨਾ ਖਰਚ ਕਰਦਾ ਹੈ, ਉਹ ਗਰੀਬੀ ਦੀ ਰੇਖਾ ਤੋਂ ਉਪਰ ਹੈ ਪਰ ਇੰਨੀ ਰਕਮ ਨਾਲ ਤਾਂ ਉਹ ਦੋ ਵਕਤ ਦਾ ਖਾਣਾ ਹੀ ਮਸਾਂ ਖਾ ਸਕਦਾ ਹੈ। ਇਹ ਵਸੋਂ ਜਿਹੜੀ 30 ਕਰੋੜ ਬਣਦੀ ਹੈ, ਉਹ ਕਿਸ ਤਰ੍ਹਾਂ ਬਰਾਬਰੀ ਦੇ ਮੌਕਿਆਂ ਦਾ ਲਾਭ ਉਠਾ ਸਕਦੀ ਹੈ ?

ਭਾਰਤ ਦਾ 93 ਫੀਸਦੀ ਖੇਤਰ ਗੈਰ-ਸੰਗਠਿਤ ਹੈ ਜਿਸ ਵਿਚ ਕੰਮ ਕਰਨ ਵਾਲੇ ਕਿਰਤੀ ਪੈਨਸ਼ਨ, ਮੁਫਤ ਇਲਾਜ ਅਤੇ ਹੋਰ ਸਮਾਜਕ ਸੁਰੱਖਿਆ ਤੋਂ ਵਾਂਝੇ ਰਹਿ ਜਾਂਦੇ ਹਨ। ਅਸਲ ਵਿਚ 1991 ਵਿਚ ਜਦੋਂ ਨਿਜੀਕਰਨ, ਉਦਾਰੀਕਰਨ ਅਤੇ ਸੰਸਾਰੀਕਰਨ ਦਾ ਬੋਲਬਾਲਾ ਸ਼ੁਰੂ ਹੋਇਆ ਤਾਂ ਭਾਰਤ ਦੀਆਂ ਜ਼ਿਆਦਾਤਰ ਉਦਯੋਗਿਕ ਇਕਾਈਆਂ ਨੇ ਪੱਕੇ ਕਿਰਤੀ ਰੱਖਣ ਦੀ ਬਜਾਇ ਠੇਕੇ 'ਤੇ ਰੱਖਣੇ ਸ਼ੁਰੂ ਕਰ ਦਿੱਤੇ। ਭਾਰਤ ਹੀ ਉਹ ਦੇਸ਼ ਹੈ ਜਿਥੇ ਦੁਨੀਆ ਭਰ ਤੋਂ ਸਭ ਤੋਂ ਵੱਧ ਬੇਰੁਜ਼ਗਾਰੀ ਹੈ। ਜਦੋਂ ਕਿਰਤੀ ਠੇਕੇ 'ਤੇ ਲਗਦੇ ਹਨ, ਉਨ੍ਹਾਂ ਦਾ ਕੰਮ 'ਤੇ ਲੱਗੇ ਰਹਿਣਾ ਕੰਮ ਦੇਣ ਵਾਲੇ ਦੀ ਮਰਜ਼ੀ 'ਤੇ ਨਿਰਭਰ ਕਰਦਾ ਹੈ ਤਾਂ ਯਕੀਨਨ ਉਨ੍ਹਾਂ ਦਾ ਸ਼ੋਸ਼ਣ ਹੋਵੇਗਾ; ਜਾਂ ਤਾਂ ਉਨ੍ਹਾਂ ਨੂੰ ਘੱਟ ਉਜਰਤ 'ਤੇ ਕੰਮ ਕਰਨਾ ਪਵੇਗਾ ਜਾਂ ਉਨ੍ਹਾਂ ਦੀ ਛੁੱਟੀ ਹੋ ਜਾਵੇਗੀ। ਬੇਰੁਜ਼ਗਾਰੀ ਦਾ ਡਰ ਉਨ੍ਹਾਂ ਦੇ ਸ਼ੋਸ਼ਣ ਦਾ ਆਧਾਰ ਬਣਦਾ ਹੈ ਅਤੇ ਉਹ ਘੱਟ ਤਨਖਾਹ 'ਤੇ ਵੀ ਕੰਮ ਕਰਨਾ ਮੰਨ ਜਾਂਦੇ ਹਨ। ਫਿਰ ਉਨ੍ਹਾਂ ਨੂੰ ਛੁੱਟੀਆਂ ਵਿਚ ਕੋਈ ਰਿਆਇਤ ਨਹੀਂ। ਉਨ੍ਹਾਂ ਨੂੰ ਮਿਥੇ ਹੋਏ ਕੰਮ ਦੇ ਘੰਟਿਆਂ ਤੋਂ ਵੱਧ ਕੰਮ ਕਰਨਾ ਪੈਂਦਾ ਹੈ, ਉਨ੍ਹਾਂ ਦੀ ਔਲਾਦ ਨੂੰ ਬਰਾਬਰ ਦੇ ਹੱਕ ਤੋਂ ਵਾਂਝੇ ਹੋਣਾ ਪੈਂਦਾ ਹੈ ਜਿਸ ਵਿਚ ਹੁਸ਼ਿਆਰ ਬੱਚੇ ਵੀ ਉਹ ਪ੍ਰਾਪਤੀਆਂ ਨਹੀਂ ਕਰ ਸਕਦੇ ਜੋ ਉਨ੍ਹਾਂ ਤੋਂ ਘੱਟ ਹੁਸ਼ਿਆਰ ਬੱਚੇ ਇਸ ਕਰ ਕੇ ਪ੍ਰਾਪਤ ਕਰ ਲੈਂਦੇ ਹਨ ਕਿਉਂ ਜੋ ਉਨ੍ਹਾਂ ਨੂੰ ਚੰਗੀ ਆਰਥਿਕ ਹਾਲਤ ਵਿਰਾਸਤ ਵਿਚ ਮਿਲੀ ਹੋਈ ਸੀ। ਭਾਰਤ ਵਿਚ ਪ੍ਰਾਈਵੇਟ ਵਿਦਿਅਕ ਸੰਸਥਾਵਾਂ, ਇਥੋਂ ਤਕ ਕਿ ਪ੍ਰਾਈਵੇਟ ਯੂਨੀਵਰਸਿਟੀਆਂ ਵੀ ਖੋਲ੍ਹੀਆਂ ਜਾ ਸਕਦੀਆਂ ਹਨ ਜਿੱਥੇ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਨ ਵਾਲੇ ਬੱਚਿਆਂ ਨੂੰ ਉੱਚੀਆਂ ਫੀਸਾਂ ਦੇਣੀਆਂ ਪੈਂਦੀਆਂ ਹਨ। ਉੱਥੇ ਕੰਮ ਕਰ ਰਹੇ ਅਧਿਆਪਕਾਂ ਨੂੰ ਘੱਟ ਤਨਖ਼ਾਹ 'ਤੇ ਕੰਮ ਕਰਨਾ ਪੈਂਦਾ ਹੈ ਅਤੇ ਉਨ੍ਹਾਂ ਦਾ ਸ਼ੋਸ਼ਣ ਵੀ ਹੁੰਦਾ ਹੈ। ਇਹ ਵੀ ਪ੍ਰਤੱਖ ਹੈ ਕਿ ਸਰਕਾਰੀ ਸਕੂਲਾਂ ਵਿਚ ਕੰਮ ਕਰਨ ਵਾਲੇ ਅਧਿਆਪਕਾਂ ਦੇ ਬੱਚੇ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਦੇ ਹਨ। ਸਰਕਾਰੀ ਸਕੂਲ ਅਧਿਆਪਕਾਂ ਨੂੰ ਉਨ੍ਹਾਂ ਸਕੂਲਾਂ ਵਿਚ ਕਿਉਂ ਵਿਸ਼ਵਾਸ ਨਹੀਂ ? ਉਹ ਪ੍ਰਾਈਵੇਟ ਸਕੂਲਾਂ ਦੀਆਂ ਉਚੀਆਂ ਫੀਸਾਂ ਦੇਣ ਲਈ ਵੀ ਤਿਆਰ ਹੋ ਜਾਂਦੇ ਹਨ।



ਪ੍ਰਾਈਵੇਟ ਅਤੇ ਸਰਕਾਰੀ ਖੇਤਰਾਂ ਵਿਚ ਉਜਰਤਾਂ ਵਿਚ ਬਹੁਤ ਵੱਡਾ ਫਰਕ ਹੈ ਜਿਹੜਾ ਉਨ੍ਹਾਂ ਕਿਰਤੀਆਂ ਅਤੇ ਕਰਮਚਾਰੀਆਂ ਦੇ ਬੱਚਿਆਂ ਦੇ ਕਰੀਅਰ 'ਤੇ ਪ੍ਰਭਾਵ ਪਾਉਂਦਾ ਹੈ। ਔਕਸਫੈਮ ਦੀ ਰਿਪੋਰਟ ਅਨੁਸਾਰ, 2022 ਵਿਚ ਭਾਰਤ ਵਿਚ ਪ੍ਰਾਈਵੇਟ ਕਾਰਪੋਰੇਟ ਦੇ ਸੀਈਓਜ਼ ਨੂੰ ਔਸਤ 8 ਕਰੋੜ 21 ਲੱਖ ਰੁਪਏ ਤੋਂ ਵੱਧ ਮਿਲਦੇ ਸਨ ਅਤੇ ਭਾਰਤ ਦਾ ਕਿਰਤੀ ਸਾਲ ਵਿਚ ਜਿੰਨੀ ਕਮਾਈ ਕਰਦਾ ਹੈ, ਭਾਰਤ ਦਾ ਇਕ ਸੀਈਓ ਓਨੀ ਕਮਾਈ 4 ਘੰਟਿਆਂ ਵਿਚ ਕਰ ਲੈਂਦਾ ਹੈ। ਕੀ ਇੰਨਾ ਵੱਡਾ ਵੱਖਰੇਵਾਂ ਯੋਗਤਾ ਦੇ ਆਧਾਰ 'ਤੇ ਹੈ ਜਾਂ ਮਰਜ਼ੀ ਦੇ ਆਧਾਰ 'ਤੇ ? ਇਸ ਦੇ ਨਾਲ ਹੀ ਸਰਕਾਰੀ ਨੌਕਰੀਆਂ ਵਿਚ ਵੀ ਬਹੁਤ ਵੱਡਾ ਫਰਕ ਹੈ। ਸਮਾਜਵਾਦੀ ਨੇਤਾ ਡਾ. ਰਾਮ ਮਨੋਹਰ ਲੋਹੀਆ ਪ੍ਰਚਾਰ ਕਰਦੇ ਰਹੇ ਕਿ ਤਨਖ਼ਾਹਾਂ ਵਿਚ 1 ਅਤੇ 10 ਤੋਂ ਵੱਧ ਫਰਕ ਨਹੀਂ ਚਾਹੀਦਾ। ਇਸ ਦਾ ਅਰਥ ਹੈ ਕਿ ਜੇ ਘੱਟ ਤਨਖ਼ਾਹ ਲੈਣ ਵਾਲਾ ਕਿਰਤੀ 1000 ਰੁਪਏ ਲੈਂਦਾ ਹੈ ਤਾਂ ਸਭ ਤੋਂ ਉਪਰ ਦੀ ਤਨਖ਼ਾਹ 10 ਹਜ਼ਾਰ ਤੋਂ ਵੱਧ ਨਹੀਂ ਹੋਣੀ ਚਾਹੀਦੀ ਪਰ ਪ੍ਰਾਈਵੇਟ ਅਤੇ ਸਰਕਾਰੀ ਖੇਤਰ ਵਿਚ ਇਹ ਫਰਕ ਜ਼ਿਆਦਾਤਰ ਇਕ ਤੋਂ 10 ਦੇ ਫਰਕ ਤੋਂ ਬਹੁਤ ਜ਼ਿਆਦਾ ਹੈ। ਇਸ ਦਾ ਅਸਰ ਉਨ੍ਹਾਂ ਕਰਮਚਾਰੀਆਂ ਦੀ ਔਲਾਦ 'ਤੇ ਉਸ ਵਕਤ ਪੈਂਦਾ ਹੈ ਜਦੋਂ ਉਹ ਬਰਾਬਰ ਦੇ ਮੌਕਿਆਂ ਦੇ ਅਧਿਕਾਰ ਤੋਂ ਵਾਂਝੇ ਹੋ ਜਾਂਦੇ ਹਨ।

ਦੇਸ਼ ਵਿਚ ਸੈਕਟਰ ਦੇ ਆਧਾਰ 'ਤੇ ਆਮਦਨ ਦਾ ਬਹੁਤ ਵੱਡਾ ਫਰਕ ਹੈ ਜਿਹੜਾ ਬਰਾਬਰ ਦੇ ਮੌਕੇ ਪ੍ਰਾਪਤ ਕਰਨ ਵਿਚ ਰੁਕਾਵਟ ਬਣਦਾ ਹੈ। ਖੇਤੀ ਖੇਤਰ ਦੇਸ਼ ਦਾ ਮੁੱਖ ਖੇਤਰ ਹੈ ਜਿਸ ਵਿਚ 60 ਫੀਸਦੀ ਵਸੋਂ ਲੱਗੀ ਹੋਈ ਹੈ ਪਰ ਖੇਤੀ ਖੇਤਰ ਦਾ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿਚ ਹਿੱਸਾ ਸਿਰਫ਼ 14 ਫੀਸਦੀ ਹੈ। ਇਸ ਦਾ ਅਰਥ ਹੈ ਕਿ 60 ਫੀਸਦੀ ਵਸੋਂ ਦੇ ਹਿੱਸੇ ਸਿਰਫ 14 ਫੀਸਦੀ ਆਮਦਨ ਆਉਂਦੀ ਹੈ ਜੋ ਬਾਕੀ 40 ਫੀਸਦੀ ਵਸੋਂ ਦੇ ਹਿੱਸੇ 86 ਫੀਸਦੀ ਆਮਦਨ ਆਉਂਦੀ ਹੈ ਜੋ ਇਹ ਸਪੱਸ਼ਟ ਕਰਦਾ ਹੈ ਕਿ ਖੇਤੀ ਅਤੇ ਗ਼ੈਰ-ਖੇਤੀ ਖੇਤਰ ਦੀ ਆਮਦਨ ਵਿਚ 4 ਗੁਣਾ ਦਾ ਫਰਕ ਹੈ ਅਤੇ ਯਕੀਨਨ ਹੀ ਘੱਟ ਆਮਦਨ ਬਰਾਬਰ ਦੇ ਮੌਕਿਆਂ ਵਿਚ ਰੁਕਾਵਟ ਬਣਦੀ ਹੋਵੇਗੀ।

ਭਾਰਤ ਹੀ ਅਜਿਹਾ ਦੇਸ਼ ਹੈ ਜਿੱਥੇ ਦੇਸ਼ ਦੀ 67 ਫੀਸਦੀ ਵਸੋਂ ਨੂੰ ਖ਼ੁਰਾਕ ਸੁਰੱਖਿਆ ਦੇ ਘੇਰੇ ਵਿਚ ਲਿਆਂਦਾ ਗਿਆ ਹੈ ਜਿਸ ਵਿਚ 75 ਫੀਸਦੀ ਪੇਂਡੂ ਅਤੇ 50 ਫੀਸਦੀ ਸ਼ਹਿਰੀ ਵਸੋਂ ਆਉਂਦੀ ਹੈ। ਜੇ 67 ਫੀਸਦੀ ਲਈ ਖ਼ੁਰਾਕ ਵੀ ਯਕੀਨਨ ਨਹੀਂ ਤਾਂ ਉਨ੍ਹਾਂ ਲਈ ਸਰਬਪੱਖੀ ਵਿਕਾਸ ਲਈ ਵਿਦਿਅਕ ਡਿਗਰੀਆਂ ਅਤੇ ਯੋਗਤਾ ਬਣਾਉਣ ਨੂੰ ਕਿਸ ਤਰ੍ਹਾਂ ਯਕੀਨੀ ਬਣਾਇਆ ਜਾ ਸਕਦਾ ਹੈ ? 2005 ਵਿਚ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਸਰਕਾਰ ਸਮੇਂ ਮਗਨਰੇਗਾ (ਮਹਾਤਮਾ ਗਾਂਧੀ ਰੂਰਲ ਇੰਪਲਾਈਮੈਂਟ ਗਾਰੰਟੀ ਐਕਟ) ਪਾਸ ਕੀਤਾ ਗਿਆ ਸੀ ਜਿਸ ਵਿਚ ਪਿੰਡਾਂ ਦੀਆਂ ਪੰਚਾਇਤਾਂ ਰਾਹੀਂ ਪਿੰਡਾਂ ਵਿਚ ਰੁਜ਼ਗਾਰ ਪ੍ਰਾਪਤ ਕਰਨ ਵਾਲੇ ਪਰਿਵਾਰ ਦੇ ਇਕ ਮੈਂਬਰ (ਮਰਦ ਜਾਂ ਔਰਤ) ਨੂੰ ਸਾਲ ਵਿਚ 100 ਦਿਨਾਂ ਦੇ ਰੁਜ਼ਗਾਰ ਦੀ ਗਾਰੰਟੀ ਦਿੱਤੀ ਗਈ ਸੀ। ਇਨਾ ਰੁਜ਼ਗਾਰ ਪੂਰਨ ਰੁਜ਼ਗਾਰ (ਸਾਲ ਵਿਚ 300 ਦਿਨ ਅਤੇ ਦਿਨ ਵਿਚ 8 ਘੰਟੇ) ਤੋਂ ਸਿਰਫ਼ ਇਕ ਤਿਹਾਈ ਹੈ ਪਰ ਇਸ ਅਧੀਨ ਵੀ ਸਾਰੇ ਯੋਗ ਕਾਮਿਆਂ ਨੂੰ ਓਨਾ ਰੁਜ਼ਗਾਰ ਵੀ ਦੇਣਾ ਮੁਸ਼ਕਿਲ ਬਣਿਆ ਹੋਇਆ ਹੈ ਜਿਹੜਾ ਉਨ੍ਹਾਂ ਪਰਿਵਾਰਾਂ ਲਈ ਬਰਾਬਰ ਦੇ ਮੌਕੇ ਪ੍ਰਾਪਤ ਕਰਨ ਵਿਚ ਰੁਕਾਵਟ ਬਣਦਾ ਹੈ।

ਹਰ ਸ਼ਹਿਰੀ ਨੂੰ ਬਰਾਬਰ ਦੇ ਮੌਕੇ ਮਿਲਣੇ ਜ਼ਰੂਰੀ ਹਨ ਜਿਸ ਲਈ ਵਿਦਿਅਕ ਯੋਗਤਾ ਹੀ ਵੱਡਾ ਆਧਾਰ ਹੈ। ਸਿਰਫ਼ 14 ਸਾਲ ਤੱਕ ਵਿਦਿਆ ਮੁਫ਼ਤ ਕਰਨ ਨਾਲ ਹਰ ਕੋਈ ਬਰਾਬਰ ਦੇ ਮੌਕਿਆਂ ਦਾ ਅਧਿਕਾਰੀ ਨਹੀਂ ਬਣ ਸਕਦਾ। ਸਰਕਾਰ ਵੱਲੋਂ ਸਿਹਤ ਅਤੇ ਵਿਦਿਆ ਨੂੰ ਉੱਚ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਸਾਲਾਨਾ ਬਜਟ ਵਿਚ ਵਿਕਸਤ ਦੇਸ਼ਾਂ ਵਾਂਗ ਕੁੱਲ ਘਰੇਲੂ ਉਤਪਾਦਨ ਦਾ 6 ਫੀਸਦੀ ਘੱਟ-ਘੱਟ ਇਨ੍ਹਾਂ ਦੋ ਮਦਾਂ 'ਤੇ ਖਰਚ ਕਰਨਾ ਜ਼ਰੂਰੀ ਹੈ ਜਿਹੜਾ ਫਿਲਹਾਲ 3 ਫੀਸਦੀ ਹੈ। ਸਰਕਾਰ ਵੱਲੋਂ ਪੂੰਜੀਵਾਦੀ ਦੇਸ਼ਾਂ ਵਾਂਗ ਪ੍ਰਾਈਵੇਟ ਯੂਨੀਵਰਸਿਟੀਆਂ ਖੋਲ੍ਹਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ ਪਰ ਉਹ ਪ੍ਰਾਈਵੇਟ ਯੂਨੀਵਰਸਿਟੀਆਂ, ਕੇਂਦਰੀ ਯੂਨੀਵਰਸਿਟੀਆਂ (ਜਿਨ੍ਹਾਂ ਦਾ ਖਰਚ ਕੇਂਦਰ ਸਰਕਾਰ ਚੁੱਕਦੀ ਹੈ ਅਤੇ ਪ੍ਰਾਂਤਾਂ ਦੀਆਂ ਯੂਨੀਵਰਸਿਟੀਆਂ ਜਿਨ੍ਹਾਂ ਦਾ ਖਰਚ ਪ੍ਰਾਂਤ ਚੁੱਕਦੀ ਹੈ) ਤੋਂ ਬਹੁਤ ਜ਼ਿਆਦਾ ਫੀਸ ਲੈਂਦੀਆਂ ਹਨ।

ਉਪਰ ਦਿੱਤੀ ਤਸਵੀਰ ਅਨੁਸਾਰ ਬਹੁਤ ਘੱਟ ਲੋਕ ਵਿਦਿਆ ਲੈ ਸਕਦੇ ਹਨ। ਮੁਫ਼ਤ ਵਿਦਿਆ ਦੀ ਵਿਵਸਥਾ ਨੂੰ ਅਤੇ ਯੋਗ ਵਿਦਿਆਰਥੀਆਂ ਲਈ ਸਕਾਲਰਸ਼ਿਪ ਤੋਂ ਬਗ਼ੈਰ ਸਾਰੇ ਯੋਗ ਵਿਦਿਆਰਥੀ ਉਚੇਰੀ ਵਿਦਿਆ ਪ੍ਰਾਪਤ ਨਹੀਂ ਕਰ ਸਕਦੇ ਜਿਹੜੀ ਬਰਾਬਰ ਦੇ ਮੌਕੇ ਪ੍ਰਾਪਤ ਕਰਨ ਦਾ ਆਧਾਰ ਹੈ। ਜਿਹੜਾ ਮਾਡਲ ਵਿਕਸਤ ਪੂੰਜੀਵਾਦੀ ਦੇਸ਼ਾਂ ਨੇ ਅਪਣਾਇਆ ਹੈ, ਉਸ ਨੂੰ ਹੂ-ਬ-ਹੂ ਨਹੀਂ ਅਪਣਾਇਆ ਜਾ ਸਕਦਾ। ਉਨ੍ਹਾਂ ਦੇਸ਼ਾਂ ਵਿਚ ਜੇ ਉਚੇਰੀ ਵਿਦਿਆ ਲਈ ਫੀਸ ਲਗਦੀ ਹੈ ਤਾਂ ਉਨ੍ਹਾਂ ਦੇਸ਼ਾਂ ਵਿਚ ਬੇਰੁਜ਼ਗਾਰੀ ਭੱਤਾ ਵੀ ਦਿੱਤਾ ਜਾਂਦਾ ਹੈ, ਜਾਂ ਰੁਜ਼ਗਾਰ ਜਾਂ ਬੇਰੁਜ਼ਗਾਰੀ ਭੱਤਾ, ਉਨ੍ਹਾਂ ਦੇਸ਼ਾਂ ਵਿਚ ਆਮਦਨ ਦੀ ਬਰਾਬਰੀ ਵੀ ਜ਼ਿਆਦਾ ਹੈ ਪਰ ਭਾਰਤ ਅਜੇ ਉਹੋ ਜਿਹੀ ਵਿਵਸਥਾ ਤੋਂ ਬਹੁਤ ਪਿਛਾਂਹ ਹੈ। ਬਰਾਬਰ ਦੇ ਮੌਕੇ ਹਰ ਇਕ ਲਈ ਬਣਨ, ਉਹ ਵਿਵਸਥਾ ਬਣਾਉਣ ਲਈ ਸਭ ਕੁਝ ਕਰਨਾ ਚਾਹੀਦਾ ਹੈ ਜੋ ਲੋੜੀਂਦਾ ਹੈ।


WE HAVE MOVED TO BIGGER & BETTER LOCATION
#208-7110-120TH ST, SURREY




ICBC
NO WIN NO FEE
WE DO HOME & HOSPITAL VISITS

"Your Lawyers, Because We Care"

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# .ਗਜ਼ਲ ਮੰਚ ਸਰੀ ਵੱਲੋਂ ਸ਼ਾਇਰ ਪ੍ਰਭਜੋਤ ਸੋਹੀ ਦੀ ਪੁਸਤਕ 'ਸੰਦਲੀ ਬਾ.ਗ' ਰਿਲੀਜ਼

ਸਰੀ (ਹਰਦਮ ਮਾਨ)- ਗ਼ਜ਼ਲ ਮੰਚ ਸਰੀ ਵੱਲੋਂ ਪੰਜਾਬ ਤੋਂ ਆਏ ਪ੍ਰਸਿੱਧ ਗੀਤਕਾਰ ਪ੍ਰਭਜੋਤ ਸੋਹੀ ਦੇ ਗੀਤਾਂ ਦੀ ਨਵ-ਪ੍ਰਕਾਸ਼ਿਤ ਪੁਸਤਕ 'ਸੰਦਲੀ ਬਾਗ਼' ਬੀਤੇ ਦਿਨੀਂ ਮੰਚ ਦੇ ਦਫਤਰ ਵਿਚ ਰਿਲੀਜ਼ ਕੀਤੀ ਗਈ। ਪ੍ਰਭਜੋਤ ਸੋਹੀ ਨੂੰ ਇਸ ਪੁਸਤਕ ਲਈ ਮੁਬਾਰਕਬਾਦ ਦਿੰਦਿਆਂ ਪ੍ਰਸਿੱਧ ਗ਼ਜ਼ਲਗੋ ਪ੍ਰੀਤ ਮਨਪ੍ਰੀਤ ਅਤੇ ਉਰਦੂ, ਪੰਜਾਬੀ ਦੇ ਸ਼ਾਇਰ ਦਸ਼ਮੇਸ਼ ਗਿੱਲ ਫਿਰੋਜ਼ ਨੇ ਕਿਹਾ ਕਿ ਸੋਹੀ ਦੇ ਗੀਤਾਂ ਵਿਚ ਪੰਜਾਬੀ ਸੱਭਿਆਚਾਰ ਦੀ ਮਨਮੋਹਣੀ ਖ਼ੁਸ਼ਬੂ ਹੈ। ਦਵਿੰਦਰ ਗੌਤਮ ਨੇ ਕਿਹਾ ਕਿ ਅਜਿਹੇ ਪੰਜਾਬੀ ਗੀਤਾਂ ਦੀ ਅਜੋਕੇ ਦੌਰ ਵਿਚ ਬੇਹੱਦ ਜ਼ਰੂਰਤ ਹੈ। ਨਾਮਵਰ ਸ਼ਾਇਰ ਅਤੇ ਮੰਚ ਦੇ ਪ੍ਰਧਾਨ ਜਸਵਿੰਦਰ, ਉਸਤਾਦ ਗ਼ਜ਼ਲਗੋ ਕ੍ਰਿਸ਼ਨ ਭਨੋਟ, ਰਾਜਵੰਤ ਰਾਜ, ਹਰਦਮ ਮਾਨ ਅਤੇ ਗੁਰਮੀਤ ਸਿੱਧੂ ਨੇ 'ਸੰਦਲੀ ਬਾਗ਼' ਨਾਲ ਚੁਫੇਰਾ ਮਹਿਕਾਉਣ ਲਈ ਪ੍ਰਭਜੋਤ ਸੋਹੀ ਨੂੰ ਮੁਬਾਰਕਬਾਦ ਦਿੱਤੀ। ਪ੍ਰਭਜੋਤ ਸੋਹੀ ਨੇ ਗ਼ਜ਼ਲ ਮੰਚ ਸਰੀ ਦੇ ਸਾਰੇ ਸ਼ਾਇਰ ਦੋਸਤਾਂ ਦਾ ਧੰਨਵਾਦ ਕੀਤਾ।



## ਬਰਤਾਨੀਆ ਦੇ ਪ੍ਰਧਾਨ ਮੰਤਰੀ ਨੇ ਭਾਰਤ ਨਾਲ ਮੁਕਤ ਵਪਾਰ ਸਮਝੌਤਾ ਕਰਨ ਲਈ ਵਚਨਬੱਧਤਾ ਦੁਹਰਾਈ

ਲੰਡਨ-ਭਾਰਤ ਨਾਲ ਮੁਕਤ ਵਪਾਰ ਸਮਝੌਤੇ (ਐੱਫਟੀਏ) ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਸਤੰਬਰ 'ਚ ਪ੍ਰਸਤਾਵਿਤ ਜੀ-20 ਸੰਮੇਲਨ ਲਈ ਭਾਰਤ ਆਉਣ ਦੀ ਸੰਭਾਵਨਾ ਪ੍ਰਗਟਾਈ ਹੈ। ਆਪਣੀ ਸਰਕਾਰੀ ਰਿਹਾਇਸ਼ '10 ਡਾਊਨਿੰਗ ਸਟ੍ਰੀਟ' 'ਤੇ 'ਬਰਤਾਨੀਆ-ਭਾਰਤ ਹਫ਼ਤਾ 2023' ਸਮਾਰੋਹ ਨੂੰ ਸੰਬੋਧਿਤ ਕਰਦੇ ਹੋਏ ਸ੍ਰੀ ਸੁਨਕ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਦੋਹਾਂ ਦੇਸ਼ਾਂ ਵਿਚਕਾਰ ਵਪਾਰਕ ਸਬੰਧਾਂ ਨੂੰ ਵਧਾਉਣ ਦੀਆਂ ਵਿਸ਼ਾਲ ਸੰਭਾਵਨਾਵਾਂ ਬਾਰੇ ਪੂਰੀ ਤਰ੍ਹਾਂ ਸਹਿਮਤ ਹਨ।

## ਦੇਸ਼ ਦਾ ਸ਼ੇਅਰ ਬਾਜ਼ਾਰ ਨਵੀਂ ਉਚਾਈ 'ਤੇ : ਸੈਂਸੈਕਸ ਤੇ ਨਿਫਟੀ ਨੇ ਨਵਾਂ ਰਿਕਾਰਡ ਬਣਾਇਆ

ਮੁੰਬਈ-ਘਰੇਲੂ ਸ਼ੇਅਰ ਬਾਜ਼ਾਰ ਅੱਜ ਰਿਕਾਰਡ ਉਚਾਈ 'ਤੇ ਬੰਦ ਹੋਇਆ। 30 ਸ਼ੇਅਰਾਂ ਵਾਲਾ ਸੈਂਸੈਕਸ 803.14.42 ਅੰਕਾਂ ਦੇ ਵਾਧੇ ਨਾਲ 64,718.56 ਦੇ ਹੁਣ ਤੱਕ ਦੇ ਸਭ ਤੋਂ ਉੱਚੇ ਪੱਧਰ 'ਤੇ ਬੰਦ ਹੋਇਆ, ਜਦ ਕਿ ਨੈਸ਼ਨਲ ਸਟਾਕ ਐਕਸਚੇਂਜ ਦਾ ਨਿਫਟੀ ਵੀ 216.95 ਅੰਕ ਚੜ੍ਹ ਕੇ 19,189.05 ਅੰਕ ਦੇ ਰਿਕਾਰਡ ਉੱਚ ਪੱਧਰ 'ਤੇ ਪੁੱਜਿਆ।

## ਅਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਨੂੰ ਖਾਣੇ 'ਚ ਤੰਬਾਕੂ ਮਿਲਾ ਕੇ ਦੇਣਾ ਕੋਝੀ ਹਰਕਤ: ਜਥੇਦਾਰ ਹਰਪ੍ਰੀਤ ਸਿੰਘ

ਤਲਵੰਡੀ ਸਾਬੋ-ਇਥੇ ਤਖ਼ਤ ਦਮਦਮਾ ਸਾਹਿਬ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਐੱਨਐੱਸਏ ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਵਾਰਿਸ ਪੰਜਾਬ ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਰੋਟੀਆਂ ਵਿੱਚ ਕਥਿਤ ਤੌਰ 'ਤੇ ਤੰਬਾਕੂ ਮਿਲਾ ਕੇ ਦੇਣ ਦੀ ਕਾਰਵਾਈ ਕੋਝੀ ਹਰਕਤ ਅਤੇ ਅਤਿ-ਨਿੰਦਣਯੋਗ ਘਟਨਾ ਹੈ। ਉਨ੍ਹਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਅਤੇ ਸਾਰੇ ਸਾਥੀ ਅੰਮ੍ਰਿਤਧਾਰੀ ਸਿੰਘ ਹਨ। ਇਸ ਲਈ ਉਨ੍ਹਾਂ ਦੇ ਖਾਣੇ ਵਿੱਚ ਅਜਿਹੀ ਕਥਿਤ ਘਟੀਆ ਹਰਕਤ ਕਰਨਾ ਬਹੁਤ ਨਿੰਦਣਯੋਗ ਹੈ। ਉਨ੍ਹਾਂ ਕੇਂਦਰ, ਪੰਜਾਬ ਅਤੇ ਅਸਾਮ ਸਰਕਾਰਾਂ ਨੂੰ ਇਸ ਮਸਲੇ ਵਿੱਚ ਦਾਖ਼ਲ ਦੇਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਨੂੰ ਜੇਲ੍ਹ ਮੈਨੂਅਲ ਅਨੁਸਾਰ ਸਹੂਲਤਾਂ ਦਿੱਤੀਆਂ ਜਾਣ।


Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call Mandeep Randhawa today.

604-449-7500

RM TRIAL LAWYERS


MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.rmlawyers.ca

205-7134 King George Boulevard, Surrey, BC V3W 5A3




ਪੰਜਾਬੀਆਂ ਦੇ ਡੁੱਬਦੇ, ਜਹਾਜ ਨੂੰ ਬਚਾ ਲਿਆ
ਮਿਤਰੋ ਕੈਨੇਡਾ ਨੇ, ਪੰਜਾਬ ਨੂੰ ਬਚਾ ਲਿਆ

ਪਿੰਡਾਂ ਚ ਧਮਾਲਾਂ ਅਤੇ , ਕੋਠੀਆਂ ਨਾ ਪੈਂਦੀਆਂ
ਟੋਰਾਂਟੋ ਦੇ ਤੰਦੂਰਾਂ ਵਿਚ ਰੋਟੀਆਂ ਨ ਲਹਿੰਦੀਆਂ
ਕੈਲਗਰੀ ਰਿੱਝ ਰਹੇ ਸਾਗ ਨੂੰ ਬਚਾ ਲਿਆ
ਕੈਨੇਡਾ ਨੇ ਪੰਜਾਬੀ ਤੇ ਪੰਜਾਬ ਨੂੰ ਬਚਾ ਲਿਆ

ਪੱਗ ਵਾਲਾ ਬਣਿਆ ਡਿਫੈਂਸ ਮੰਤਰੀ
ਜਿਉਂਦਾ ਰਹੇ ਸੋਹਣਾ ਇਹ ਕਨੇਡਾ ਕੰਟਰੀ
ਸਵਾਗੇ ਦੇ ਸਵਾਰਾਂ ਨੂੰ ਜਹਾਜਾਂ ਚ ਬਿਠਾ ਗਿਆ
ਕੈਨੇਡਾ ਨੇ ਪੰਜਾਬ ਤੇ ਪੰਜਾਬੀ ਨੂੰ ਬਚਾ ਲਿਆ

ਗਲ ਨਾਲ ਲਾਇਆ ਸੀ ,ਚੁਰਾਸੀ ਦੇ ਭਜਾਇਆਂ ਨੂੰ
ਮਾਂ ਬਣ ਸਾਂਭ ਲਿਆ, ਮਾਸੀ ਦੇ ਸਤਾਇਆਂ ਨੂੰ
ਕਾਵਾਂ ਦੇ ਉਜਾੜੇ ਹੋਏ, ਬਾਗ ਨੂੰ ਬਚਾ ਲਿਆ
ਕੈਨੇਡਾ ਨੇ ਪੰਜਾਬੀ ਤੇ, ਪੰਜਾਬ ਨੂੰ ਬਚਾ ਲਿਆ

ਲਾਲ ਝੰਡੇ ਵਾਲਾ ਦੇਸ, ਸਾਨੂੰ ਨਾ ਕਬੂਲਦਾ
ਕੇਸਰੀ ਨਿਸ਼ਾਨ ਸਰੀ, ਕਦੇ ਵੀ ਨਾ ਝੂਲਦਾ
ਪੰਜਾਬੀਆਂ ਦੀ ਪੱਗ ਅਤੇ ਤਾਜ ਨੂੰ ਬਚਾ ਲਿਆ
ਮਿਤਰੋ ਕਨੇਡਾ ਨੇ, ਪੰਜਾਬ ਨੂੰ ਬਚਾ ਲਿਆ

Dodge ਦਿਆਂ ਪਿੱਕਿਆ ਚ ਜੱਟ ਨੀ ਸੀ ਘੁੱਮਣੇ
ਰੇਂਜ ਰੋਵਰਾਂ ਚ ਇਹ ਦੁਪੱਟੇ ਨਹੀਂ ਸੀ ਝੂਮਣੇ
ਸਾਹੋਤੇਆ ਪੰਜਾਬੀਆਂ ਦੀ ਲਾਜ ਨੂੰ ਬਚਾ ਲਿਆ
ਚੜੇ ਹੋਏ ਕਰਜੇ ਵਿਆਜ ਨੂੰ ਬਚਾ ਲਿਆ
ਕੈਨੇਡਾ ਨੇ ਪੰਜਾਬੀ ਤੇ ਪੰਜਾਬ ਨੂੰ ਬਚਾ ਲਿਆ

**ਕੁਲਵੀਰ ਸਿੰਘ ਡਾਨਸੀਵਾਲ**
778 863 2472









# ਵਿੱਭਿਨਤਾ ਵਿਚ ਏਕਤਾ ਦਾ ਜਸ਼ਨ: ਕੈਨੇਡਾ ਦਿਵਸ ’ਤੇ ਭਾਈਚਾਰਿਆਂ ਨੂੰ ਸ਼ਕਤੀ ਪ੍ਰਦਾਨ ਕਰਨਾ



ਬ੍ਰਿਟਿਸ਼ ਕੋਲੰਬੀਆ ਵਿੱਚ ਇੱਕ ਭਰੋਸੇਮੰਦ ਲਾਅ ਫਰਮ, ਸਿੰਪਸਨ ਥਾਮਸ ਅਤੇ ਐਸੋਸੀਏਟਸ ਹੋਣ ਦੇ ਨਾਤੇ, ਅਸੀਂ ਕੈਨੇਡਾ ਦਿਵਸ ਦੀ ਮਹੱਤਤਾ ਨੂੰ ਸਾਡੇ ਵਿਭਿੰਨ ਰਾਸ਼ਟਰ ਅਤੇ ਇਸ ਨਾਲ ਸਾਡੇ ਭਾਈਚਾਰਿਆਂ ਨੂੰ ਮਿਲਦੀ ਤਾਕਤ ਨੂੰ ਮਨਾਉਣ ਦੇ ਸਮੇਂ ਵਜੋਂ ਪਛਾਣਦੇ ਹਾਂ। ਇਹ ਅਵਸਰ ਵਿਭਿੰਨਤਾ ਵਿੱਚ ਏਕਤਾ ਦੇ ਮਹੱਤਵ ਅਤੇ ਸਾਡੇ ਸਮਾਜ ਨੂੰ ਸਸ਼ਕਤ ਬਣਾਉਣ ਵਿੱਚ ਇਸਦੀ ਭੂਮਿਕਾ ਨੂੰ ਉਜਾਗਰ ਕਰਨ ਦਾ ਇੱਕ ਮੌਕਾ ਪੇਸ਼ ਕਰਦਾ ਹੈ।

### ਵਿਭਿੰਨਤਾ ਨੂੰ ਗਲੇ ਲਗਾਉਣਾ: ਨਵੀਨਤਾ ਅਤੇ ਵਿਕਾਸ ਲਈ ਇੱਕ ਉਤਪ੍ਰੇਰਕ

ਇੱਕ ਅਜਿਹੀ ਦੁਨੀਆਂ ਵਿੱਚ ਜੋ ਲਗਾਤਾਰ ਆਪਸ ਵਿੱਚ ਜੁੜਿਆ ਜਾ ਰਿਹਾ ਹੈ, ਵਿਭਿੰਨਤਾ ਨੂੰ ਗਲੇ ਲਗਾਉਣਾ ਨਾ ਸਿਰਫ਼ ਇੱਕ ਨੈਤਿਕ ਜ਼ਰੂਰੀ ਹੈ, ਸਗੋਂ ਨਵੀਨਤਾ ਅਤੇ ਵਿਕਾਸ ਲਈ ਇੱਕ ਉਤਪ੍ਰੇਰਕ ਵੀ ਹੈ। ਵੱਖੋ-ਵੱਖਰੇ ਪਿਛੋਕੜਾਂ, ਸੱਭਿਆਚਾਰਾਂ ਅਤੇ ਦ੍ਰਿਸ਼ਟੀਕੋਣਾਂ ਤੋਂ ਵਿਅਕਤੀਆਂ ਨੂੰ ਇਕੱਠਾ ਕਰਕੇ, ਅਸੀਂ ਵਿਚਾਰਾਂ ਅਤੇ ਪ੍ਰਤਿਭਾਵਾਂ ਦੀ ਇੱਕ ਜੀਵੰਤ ਟੈਪੇਸਟ੍ਰੀ ਬਣਾਉਂਦੇ ਹਾਂ ਜੋ ਜੀਵਨ ਦੇ ਸਾਰੇ ਖੇਤਰਾਂ ਵਿੱਚ ਤਰੱਕੀ ਨੂੰ ਵਧਾਉਂਦੇ ਹਨ।

### ਇੱਕ ਸਮਾਵੇਸ਼ੀ ਸਮਾਜ ਲਈ ਕਾਨੂੰਨੀ ਸੇਵਾਵਾਂ

ਸਿਮਪਸਨ ਥਾਮਸ ਅਤੇ ਐਸੋਸੀਏਟਸ ਵਿਖੇ, ਸਾਨੂੰ ਕਾਨੂੰਨੀ ਸੇਵਾਵਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਦੀ ਪੇਸ਼ਕਸ਼ ਕਰਨ ਵਿੱਚ ਮਾਣ ਹੈ ਜੋ ਸਾਡੇ ਵਿਭਿੰਨ ਸਮਾਜ ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ। ਨਿੱਜੀ ਸੱਟ ਦੇ ਮਾਮਲਿਆਂ ਤੋਂ ਲੈ ਕੇ ਪਰਿਵਾਰਕ ਕਾਨੂੰਨ ਦੇ ਮਾਮਲਿਆਂ ਤੱਕ, ਅਤੇ ਇਮੀਗ੍ਰੇਸ਼ਨ ਦੇ ਮੁੱਦਿਆਂ ਤੋਂ ਰੁਜ਼ਗਾਰ-ਸਬੰਧਤ ਮਾਮਲਿਆਂ ਤੱਕ, ਸਮਰਪਿਤ ਵਕੀਲਾਂ ਦੀ ਸਾਡੀ ਟੀਮ ਜੀਵਨ ਦੇ ਸਾਰੇ ਖੇਤਰਾਂ ਦੇ ਵਿਅਕਤੀਆਂ ਦੁਆਰਾ ਦਰਪੇਸ਼ ਵਿਲੱਖਣ ਚੁਣੌਤੀਆਂ ਨੂੰ ਹੱਲ ਕਰਨ ਲਈ ਗਿਆਨ ਅਤੇ ਅਨੁਭਵ ਨਾਲ ਲੈਸ ਹੈ।




### ਨਿਆਂ ਤੱਕ ਬਰਾਬਰ ਪਹੁੰਚ ਨੂੰ ਉਤਸ਼ਾਹਿਤ ਕਰਨਾ

ਸਾਡੇ ਮੂਲ ਮੁੱਲਾਂ ਵਿੱਚੋਂ ਇੱਕ ਸਾਡੇ ਭਾਈਚਾਰੇ ਦੇ ਸਾਰੇ ਮੈਂਬਰਾਂ ਲਈ ਨਿਆਂ ਤੱਕ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਣਾ ਹੈ। ਅਸੀਂ ਰੁਕਾਵਟਾਂ ਨੂੰ ਤੋੜਨ ਅਤੇ ਉਨ੍ਹਾਂ ਲੋਕਾਂ ਨੂੰ ਕਾਨੂੰਨੀ ਪ੍ਰਤੀਨਿਧਤਾ ਅਤੇ ਸਹਾਇਤਾ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦੇ ਹਾਂ ਜਿਨ੍ਹਾਂ ਨੂੰ ਨਿਆਂ ਪ੍ਰਣਾਲੀ ਤੱਕ ਪਹੁੰਚ ਕਰਨ ਵਿੱਚ ਰਵਾਇਤੀ ਤੌਰ ‘ਤੇ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਜਿਹਾ ਕਰਨ ਨਾਲ, ਸਾਡਾ ਉਦੇਸ਼ ਇੱਕ ਹੋਰ ਬਰਾਬਰੀ ਵਾਲਾ ਸਮਾਜ ਬਣਾਉਣਾ ਹੈ ਜਿੱਥੇ ਹਰ ਕਿਸੇ ਨੂੰ ਆਪਣੇ ਅਧਿਕਾਰਾਂ ਦਾ ਦਾਅਵਾ ਕਰਨ ਅਤੇ ਨਿਆਂ ਦੀ ਮੰਗ ਕਰਨ ਦਾ ਉਚਿਤ ਮੌਕਾ ਹੋਵੇ। ਇੱਕ ਕਨੂੰਨੀ ਫਰਮ ਵਜੋਂ ਜੋ 50 ਸਾਲਾਂ ਤੋਂ ਸਾਡੇ ਭਾਈਚਾਰੇ ਦੀ ਸੇਵਾ ਕਰ ਰਹੀ ਹੈ, ਸਿਮਪਸਨ, ਥਾਮਸ, ਅਤੇ ਐਸੋਸੀਏਟਸ ਭਾਈਚਾਰੇ ਦੀ ਤੰਦਰੁਸਤੀ ਅਤੇ ਚੰਗੀ ਸਿਹਤ ਦੇ ਮਹੱਤਵ ਨੂੰ ਸਮਝਦੇ ਹਨ। ਅਸੀਂ ਕਈ ਕਾਨੂੰਨੀ ਸੇਵਾਵਾਂ ਦੀ ਪੇਸ਼ਕਸ਼ ਕਰਦੇ ਹਾਂ, ਜਿਸ ਵਿੱਚ ਨਿੱਜੀ ਸੱਟ, ਪਰਿਵਾਰਕ ਕਾਨੂੰਨ, ਇਮੀਗ੍ਰੇਸ਼ਨ, ਰੁਜ਼ਗਾਰ ਕਾਨੂੰਨ, ਅਤੇ ਬੀਮਾ ਇਨਕਾਰ ਸ਼ਾਮਲ ਹਨ। ਸਾਡੀ ਕਨੂੰਨੀ ਫਰਮ ਕਾਨੂੰਨੀ ਪ੍ਰਕਿਰਿਆ ਦੀਆਂ ਜਟਿਲਤਾਵਾਂ ਵਿੱਚ ਤੁਹਾਡੀ ਅਗਵਾਈ ਕਰਨ ਲਈ ਇੱਥੇ ਹੈ। Simpson, Thomas & Associates ਅਤੇ ਕਮਿਊਨਿਟੀ ਪ੍ਰਤੀ ਸਾਡੀ ਵਚਨਬੱਧਤਾ, ਅਤੇ ਕਾਨੂੰਨੀ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ www.simpsonthomas.com ‘ਤੇ ਸਾਡੀ ਵੈਬਸਾਈਟ ‘ਤੇ ਜਾਓ, ਜਾਂ ਆਪਣਾ ਕਾਨੂੰਨੀ ਸਲਾਹ ਬੁੱਕ ਕਰਨ ਲਈ 604 689 8888 ‘ਤੇ ਕਾਲ ਕਰੋ।

### ਕੈਨੇਡਾ ਦਿਵਸ: ਪ੍ਰਤੀਬਿੰਬ ਅਤੇ ਕਾਰਵਾਈ ਲਈ ਸਮਾਂ

ਇਸ ਕੈਨੇਡਾ ਦਿਵਸ ‘ਤੇ, ਆਓ ਅਸੀਂ ਵਿਭਿੰਨਤਾ ਨੂੰ ਅਪਣਾਉਣ ਅਤੇ ਸਾਡੇ ਭਾਈਚਾਰਿਆਂ ਵਿੱਚ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਦੇ ਮਹੱਤਵ ‘ਤੇ ਵਿਚਾਰ ਕਰੀਏ। ਇਹ ਸਾਡੇ ਬਹੁ-ਸੱਭਿਆਚਾਰਕ ਸਮਾਜ ਦੀ ਅਮੀਰੀ ਅਤੇ ਵਿਭਿੰਨ ਪਿਛੋਕੜ ਵਾਲੇ ਵਿਅਕਤੀਆਂ ਦੁਆਰਾ ਪਾਏ ਯੋਗਦਾਨ ਦਾ ਜਸ਼ਨ ਮਨਾਉਣ ਦਾ ਸਮਾਂ ਹੈ। ਇਹ ਕਾਰਵਾਈ ਕਰਨ ਦਾ ਸੱਦਾ ਵੀ ਹੈ, ਸਾਨੂੰ ਅਜਿਹੇ ਸਮਾਜ ਦੀ ਸਿਰਜਣਾ ਲਈ ਆਪਣੇ ਯਤਨ ਜਾਰੀ ਰੱਖਣ ਦੀ ਅਪੀਲ ਕਰਦਾ ਹੈ ਜਿੱਥੇ ਹਰ ਆਵਾਜ਼ ਸੁਣੀ ਜਾਂਦੀ ਹੈ, ਹਰ ਵਿਅਕਤੀ ਦੀ ਕਦਰ ਹੁੰਦੀ ਹੈ, ਅਤੇ ਹਰ ਮੌਕਾ ਸਾਰਿਆਂ ਲਈ ਪਹੁੰਚਯੋਗ ਹੁੰਦਾ ਹੈ।

**Simpson, Thomas & Associates**
**Phone:** (604) 689 - 8888
**Website: simpsonthomas.com**





Broadcasting Across North America
MULTI CULTURAL
AM 1600/FM 105.3
Vancouver
ਰੇਡੀਓ ਪੰਜਾਬ
Radio Punjab
Sukhdev Singh Dhillon
CEO (Ph) : 604-345-3510
Tony Saini
Sales Manager 778-308-1600
Sarbraj Singh Kahlon
General Manager 604-307-3510
PROGRAMMING
MONDAY - FRIDAY
Gurbani Vichaar By: Dupinder K Saran 6:00-7:00 AM
The Jaskaran Show 7:00-10:00 AM
Parmvir S Baath 9:00-10:00 AM
The Baljinder K Show 10:00 AM-12:00 PM
Sanjhe Vichaar By Amrit Bhatti 12:00-2:00 PM
The Lovey Pannu Show 2:00-4:00 PM
Mehak Punjab Di By Preet Goswami 4:00-5:00 PM
The Paul Brar Show 5:00-8:00 PM
Nazaria By Arashdeep Singh 8:00-10:00 PM
Vancouver AM1600/Surrey FM105.3
Seattle AM 1250 Fresno AM 1600 Dallas AM 890
Baskersfield AM 1490 Indianapolis AM 1470
Download Radio Punjab Official App from:
Google play
Download on the App Store
WEEKENDS
Sakatar S. Sandhu Seattle
Kamal Aujla 8am -10 am
Harsharan Dhaliwal 10-12 pm
Dr Jass Malkeet 12-2 pm sundays
Parmeet Kaur 2-4 pm
Neema Manral 4-6 pm
Angrej Singh Brar 12-2 pm Saturdays
Amarjit S. Sidhu 6-9 pm
Studio : 604-335-1313 Sales : 604-307-3510
E-mail: info@radiopunjab.com, Web: www.radiopunjab.ca


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਸਰੀ ਵਿਚ ਕੁਲਵੰਤ ਕੌਰ ਢਿੱਲੋਂ, ਪ੍ਰਭਜੋਤ ਸੋਹੀ ਤੇ ਜਸਵਿੰਦਰ ਜੱਸੀ ਨਾਲ ਸਾਹਿਤਕ ਸੰਵਾਦ



ਸਰੀ (ਹਰਦਮ ਮਾਨ)–ਵੈਨਕੂਵਰ ਵਿਚਾਰ ਮੰਚ ਵੱਲੋਂ ਇੰਗਲੈਂਡ ਤੋਂ ਆਈ ਪ੍ਰਸਿੱਧ ਪੰਜਾਬੀ ਲੇਖਿਕਾ ਕੁਲਵੰਤ ਕੌਰ ਢਿੱਲੋਂ ਅਤੇ ਪੰਜਾਬ ਤੋਂ ਆਏ ਸ਼ਾਇਰ ਪ੍ਰਭਜੋਤ ਸੋਹੀ ਤੇ ਜਸਵਿੰਦਰ ਜੱਸੀ ਨਾਲ ਸਾਹਿਤਕ ਸੰਵਾਦ ਰਚਾਇਆ ਗਿਆ। ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਸਰੀ ਵਿਚ ਹੋਏ ਇਸ ਪ੍ਰੋਗਰਾਮ ਦਾ ਆਗਾਜ਼ ਕਰਦਿਆਂ ਮੰਚ ਦੇ ਜਨਰਲ ਸਕੱਤਰ ਮੋਹਨ ਗਿੱਲ ਨੇ ਤਿੰਨਾਂ ਲੇਖਕਾਂ ਬਾਰੇ ਸੰਖੇਪ ਜਾਣ ਪਛਾਣ ਕਰਵਾਈ। ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਨੇ ਸਭ ਦਾ ਸਵਾਗਤ ਕੀਤਾ ਅਤੇ ਮੰਚ ਦੀ ਸਥਾਪਨਾ, ਇਸ ਦੇ ਉਦੇਸ਼ ਅਤੇ ਕਾਰਜ ਬਾਰੇ ਦਸਦਿਆਂ ਕਿਹਾ ਕਿ ਇਹ ਮੰਚ ਹਰ ਇਕ ਕਲਾ, ਸਮਾਜ ਸੇਵਾ ਨਾਲ ਸੰਬੰਧਿਤ ਸ਼ਖ਼ਸੀਅਤ ਨੂੰ ਆਪਣੀ ਗੱਲ ਕਹਿਣ ਲਈ ਪਲੇਟਫਾਰਮ ਮੁਹੱਈਆ ਕਰਦਾ ਹੈ। ਮਹਿਮਾਨ ਲੇਖਿਕਾ ਕੁਲਵੰਤ ਕੌਰ ਢਿੱਲੋਂ ਨੇ ਆਪਣੇ ਰਚਨਾਤਮਿਕ ਕਾਰਜ ਦੀ ਸ਼ੁਰੂਆਤ ਬਾਰੇ ਦਸਦਿਆਂ ਕਿਹਾ ਕਿ ਉਸ ਨੂੰ ਘਰ ਵਿੱਚੋਂ ਵੱਡੇ ਭਰਾ ਰਵਿੰਦਰ ਭੱਠਲ ਅਤੇ ਬਰਨਾਲਾ ਦੇ ਪ੍ਰਸਿੱਧ ਸਾਹਿਤਕਾਰ ਰਾਮ ਸਰੂਪ ਅਣਖੀ, ਓਮ ਪ੍ਰਕਾਸ਼ ਗਾਸੋ, ਪ੍ਰੀਤਮ ਸਿੰਘ ਰਾਹੀ ਤੋਂ ਬਹੁਤ ਪ੍ਰੇਰਨਾ ਮਿਲੀ ਜਿਸ ਸਦਕਾ ਐਸ.ਡੀ. ਕਾਲਜ ਬਰਨਾਲਾ ਵਿਚ ਪੜ੍ਹਦਿਆਂ ਉਸ ਨੇ ਲਿਖਣਾ ਸ਼ੁਰੂ ਕੀਤਾ। ਸਮਾਜ ਵਿਚਲਾ ਪਾੜਾ, ਜਾਤ ਪਾਤ, ਵਿਤਕਰਾ ਅਤੇ ਇਸ ਸਭ ਵਰਤਾਰੇ ਦਾ ਸੰਤਾਪ ਭੋਗ ਰਹੇ ਔਰਤਾਂ ਤੇ ਮਰਦ ਉਸ ਦੀਆਂ ਰਚਨਾਵਾਂ ਦਾ ਸਰੋਤ ਬਣਦੇ ਹਨ। ਉਸ ਨੇ ਪਾਸ਼, ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ ਨਾਲ ਸਾਹਿਤਕ ਸਾਂਝ ਦੀ ਗੱਲ ਵੀ ਕੀਤੀ ਅਤੇ ਇੰਗਲੈਂਡ ਵਿਚ ਪੰਜਾਬੀ ਭਾਸ਼ਾ ਅਤੇ ਸੱਭਿਅਚਾਰ ਨਾਲ ਆਉਣ ਵਾਲੀ ਪੀੜ੍ਹੀ ਨੂੰ ਜੋੜਨ ਹਿਤ ਕੀਤੇ ਜਾ ਰਹੇ ਆਪਣੇ ਕਾਰਜਾਂ ਬਾਰੇ ਦੱਸਿਆ। ਸ਼ਾਇਰ ਪ੍ਰਭਜੋਤ ਸੋਹੀ ਨੇ ਆਪਣੀ ਲਿਖਣ–ਕਲਾ ਅਤੇ ਸਾਹਿਤਕ ਖੇਤਰ ਦੇ ਕੁਝ ਅਨੁਭਵ ਸਾਂਝੇ ਕਰਦਿਆਂ ਦੱਸਿਆ ਕਿ ਉਹ ਸਕੂਲ ਵਿਚ ਹੁੰਦੀ ਬਾਲ ਸਭਾ ਵਿਚ ਗੀਤ ਗਾਉਣ ਲੱਗ ਪਿਆ ਸੀ ਅਤੇ ਫਿਰ ਨਗਰ ਕੀਰਤਨਾਂ ਵਿਚ ਗਾਉਣਾ ਸ਼ੁਰੂ ਕਰ ਦਿੱਤਾ। ਕਾਲਜ ਵਿਚ ਪੜ੍ਹਦਿਆਂ ਪ੍ਰੋ. ਨਰਿੰਜਨ ਤਸਨੀਮ, ਪ੍ਰੋ. ਬਾਵਾ ਸਿੰਘ, ਪ੍ਰੋ. ਕਾਲੀਆ ਦੀ ਯੋਗ ਰਹਿਨੁਮਾਈ ਸਦਕਾ ਉਸ ਨੇ ਕਵਿਤਾ ਲਿਖਣੀ ਸ਼ੁਰੂ ਕੀਤੀ। ਨਾਟਕਾਂ ਵਿਚ ਵੀ ਹਿੱਸਾ ਲਿਆ, ਪੰਜਾਬ ਯੂਨੀਵਰਸਿਟੀ ਦਾ ਬੈਸਟ ਐਕਟਰ ਵੀ ਬਣਿਆਂ। ਫਿਰ ਸਾਹਿਤ ਸਭਾ ਜਗਰਾਓਂ ਨਾਲ ਜੁੜ ਕੇ ਪ੍ਰਸਿੱਧ ਸ਼ਾਇਰ ਸ਼ਾਕਿਰ ਪੁਰਸਾਰਥੀ, ਕੇਸਰ ਸਿੰਘ ਨੀਰ, ਹਰਕੋਮਲ ਬਰਿਆਰ, ਅਜੀਤ ਪਿਆਸਾ ਤੋਂ ਬਹੁਤ ਕੁਝ ਸਿੱਖਿਆ। 'ਕਵਿਤਾ ਕੁੰਭ' ਬਾਰੇ ਦਸਦਿਆਂ ਉਸ ਨੇ ਕਿਹਾ ਕਿ ਅਸਲ ਵਿਚ ਪੰਜਾਬੀ ਸਾਹਿਤ ਵਿਚ ਬਣੇ ਸਾਹਿਤਕ ਮੱਠਾਂ ਵੱਲੋਂ ਨਵੇਂ ਲੇਖਕਾਂ ਨੂੰ ਅਣਗੌਲਿਆਂ ਕਰਨਾ ਹੀ 'ਕਵਿਤਾ ਕੁੰਭ' ਦੀ ਸਥਾਪਨਾ ਦਾ ਕਾਰਨ ਬਣਿਆਂ। ਸੋਹੀ ਨੇ ਕਵਿਤਾ ਕੁੰਭ ਦੀਆਂ ਸਰਗਰਮੀਆਂ ਅਤੇ ਆਪਣੀਆਂ ਪ੍ਰਕਾਸ਼ਿਤ ਤਿੰਨ ਪੁਸਤਕਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਅਤੇ ਨਾਲ ਹੀ ਆਪਣੀ ਸੁਰੀਲੀ ਆਵਾਜ਼ ਵਿਚ ਇਕ ਗੀਤ ਪੇਸ਼ ਕੀਤਾ। ਸ਼ਾਇਰ ਜਸਵਿੰਦਰ ਜੱਸੀ ਨੇ ਆਪਣੇ ਲਿਖਣ ਕਾਰਜ ਦੀ ਗੱਲ ਕਰਦਿਆਂ ਕਿਹਾ ਕਿ ਗੁਰਦੁਆਰਾ ਸਾਹਿਬ ਵਿਖੇ ਕਵਿਤਾਵਾਂ ਪੜ੍ਹਨ ਦਾ ਸ਼ੌਕ ਕਦੋਂ ਸ਼ਾਇਰੀ ਦੀ ਰਚਨਾ ਕਰਨ ਵੱਲ ਤੁਰ ਪਿਆ ਇਹ ਉਸ ਨੂੰ ਪਤਾ ਨਹੀਂ ਲੱਗਿਆ। ਸ਼ਿਵ ਕੁਮਾਰ ਬਟਾਲਵੀ, ਸੁਰਜੀਤ ਪਾਤਰ ਨੂੰ ਪੜ੍ਹਿਆ। ਹੌਲੀ ਹੌਲੀ ਰਚਨਾਵਾਂ ਅਖਬਾਰਾਂ, ਰਸਾਲਿਆਂ ਵਿਚ ਛਪਣੀਆਂ ਸ਼ੁਰੂ ਹੋ ਗਈਆਂ ਅਤੇ ਪ੍ਰਸਿੱਧ ਸ਼ਾਇਰ ਅਮਰਜੀਤ ਸੰਧੂ ਨਾਲ ਰਾਬਤਾ ਕਾਇਮ ਹੋ ਗਿਆ ਅਤੇ ਉਨ੍ਹਾਂ ਨੂੰ ਉਸਤਾਦ ਧਾਰ ਲਿਆ। ਗੁਰਦਿਆਲ ਪੰਜਾਬੀ ਅਤੇ ਅਜਾਇਬ ਕਮਲ ਨੇ ਥਾਪੜਾ ਦਿੱਤਾ, ਜਸਪਾਲ ਸੂਸ ਨਾਲ ਮਿਲ ਕੇ ਸਾਂਝਾਂ ਪਿਆਰ ਦੀਆਂ ਗਰੁੱਪ ਦੇ ਕੰਮ ਕਾਜ ਬਾਰੇ ਵੀ ਜੱਸੀ ਨੇ ਗੱਲਬਾਤ ਸਾਂਝੀ ਕੀਤੀ। ਅੰਤ ਵਿਚ ਮੰਚ ਦੇ ਸਰਪ੍ਰਸਤ ਜਰਨੈਲ ਸਿੰਘ ਸੇਖਾ ਨੇ ਮਹਿਮਾਨ ਲੇਖਕਾਂ ਅਤੇ ਹਾਜਰ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। ਇਸ ਪ੍ਰੋਗਰਾਮ ਵਿਚ ਹੋਰਨਾਂ ਤੋਂ ਇਲਾਵਾ ਪ੍ਰੋ. ਹਰਿੰਦਰ ਕੌਰ ਸੋਹੀ, ਮਹਿੰਦਰਪਾਲ ਸਿੰਘ ਪਾਲ, ਅਮਨ ਸੀ ਸਿੰਘ, ਡਾ. ਚਰਨਜੀਤ ਸਿੰਘ, ਹਰਦਮ ਸਿੰਘ ਮਾਨ, ਗੁਰਸ਼ਰਨ ਸਿੰਘ, ਅਸ਼ੋਕ ਭਾਰਗਵ, ਸ਼ਾਨ ਗਿੱਲ, ਅੰਗਰੇਜ਼ ਬਰਾੜ, ਕੁਲਦੀਪ ਸਿੰਘ ਬਾਸੀ ਅਤੇ ਮਿਸਜ਼ ਜਸਵਿੰਦਰ ਜੱਸੀ ਹਾਜਰ ਸਨ।

# ਪੀ.ਏ.ਯੂ. ਫੈਮਿਲੀ ਪਿਕਨਿਕ 9 ਜੁਲਾਈ ਨੂੰ ਪੀਸ ਆਰਚ ਪਾਰਕ 'ਚ ਹੋਵੇਗੀ

ਸਰੀ (ਹਰਦਮ ਮਾਨ)–ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੇ ਸਾਬਕਾ ਵਿਦਿਆਰਥੀਆਂ, ਅਧਿਆਪਕਾਂ, ਸਾਇੰਸਦਾਨਾਂ ਵੱਲੋਂ 9 ਜੁਲਾਈ (ਐਤਵਾਰ) ਨੂੰ ਪਰਿਵਾਰਕ ਪਿਕਨਿਕ, ਕੈਨੇਡਾ–ਅਮਰੀਕਾ ਬਾਰਡਰ 'ਤੇ ਸਥਿਤ ਪੀਸ ਆਰਚ ਪਾਰਕ ਵਿਚ ਮਨਾਈ ਜਾ ਰਹੀ ਹੈ। ਇਸ




ਜਾਣਕਾਰੀ ਦਿੰਦਿਆਂ ਡਾ. ਗੁਲਜ਼ਾਰ ਸਿੰਘ ਵਿਲਿੰਗ ਨੇ ਦੱਸਿਆ ਹੈ ਕਿ ਇਹ ਪਿਕਨਿਕ ਸਵੇਰੇ 11 ਵਜੇ ਸ਼ੁਰੂ ਹੋਵੇਗੀ ਅਤੇ ਪੀ.ਏ.ਯੂ. ਨਾਲ ਦਿਲਚਸਪੀ ਰੱਖਣ ਵਾਲਾ ਕੋਈ ਵੀ ਵਿਅਕਤੀ ਇਸ ਵਿਚ ਸ਼ਾਮਲ ਹੋ ਸਕਦਾ ਹੈ। ਇਸ ਸੰਬੰਧੀ ਹੋਰ ਜਾਣਕਾਰੀ ਲਈ ਡਾ. ਗੁਲਜ਼ਾਰ ਸਿੰਘ ਵਿਲਿੰਗ ਨਾਲ ਫੋਨ ਨੰਬਰ 604-897-1130 'ਤੇ ਸੰਪਰਕ ਕੀਤਾ ਜਾ ਸਕਦਾ ਹੈ।

SUNNY SANGHA • PERSONAL REAL ESTATE CORPORATION

**14317 31A AVENUE, SURREY**





Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

**#92 15111 EDMUND DRIVE**




Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

**UNIT 2808 13615 FRASER HWY**




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

**LOT B 20444 46A AVENUE, LANGLEY**




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

**LOT A 33734 MAYFAIR AVENUE, SURREY**

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.




Sunny Sangha
604-356-5555

SUNNY SANGHA
Personal Real Estate Corporation

CENTURY 21
Coastal Realty Ltd.

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com

# ਗਦਰ-2 ਦੇ ਰਿਲੀਜ਼ ਹੋਣ ਤੋਂ ਪਹਿਲਾਂ ਦਰਗਾਹ ਪਹੁੰਚੀ ਅਮੀਸ਼ਾ ਪਟੇਲ, ਟ੍ਰੋਲਰ ਬੋਲੇ- 'ਸਕੀਨਾ ਫਿਰ ਪਾਕਿਸਤਾਨ ਚਲੇ ਗਈ'

ਨਵੀਂ ਦਿੱਲੀ: ਬਾਲੀਵੁੱਡ ਅਦਾਕਾਰਾ ਅਮੀਸ਼ਾ ਪਟੇਲ ਤੇ ਸੰਨੀ ਦਿਓਲ ਇਨ੍ਹੀਂ ਦਿਨੀਂ ਆਪਣੀ ਆਉਣ ਵਾਲੀ ਫਿਲਮ 'ਗਦਰ 2' ਨੂੰ ਲੈ ਕੇ ਸੁਰਖੀਆਂ 'ਚ ਹਨ। ਅਮੀਸ਼ਾ 'ਗਦਰ 2' ਨਾਲ ਕਈ ਸਾਲਾਂ ਬਾਅਦ ਫਿਲਮੀ ਦੁਨੀਆ 'ਚ ਵਾਪਸੀ ਕਰ ਰਹੀ ਹੈ। ਸੰਨੀ ਅਤੇ ਅਮੀਸ਼ਾ 22 ਸਾਲਾਂ ਬਾਅਦ ਇਕ ਵਾਰ ਫਿਰ ਸਕੀਨਾ ਅਤੇ ਤਾਰਾ ਦੇ ਕਿਰਦਾਰ ਵਿਚ ਨਜ਼ਰ ਆਉਣਗੇ।

ਸੰਨੀ ਅਤੇ ਅਮੀਸ਼ਾ ਇਨ੍ਹੀਂ ਦਿਨੀਂ ਆਪਣੀ ਮੋਸਟ ਅਵੇਟਿਡ ਫਿਲਮ 'ਗਦਰ 2' ਦੀ ਪ੍ਰਮੋਸ਼ਨ 'ਚ ਰੁੱਝੇ ਹੋਏ ਹਨ। ਹਾਲ ਹੀ 'ਚ ਫਿਲਮ ਦਾ ਟੀਜ਼ਰ ਰਿਲੀਜ਼ ਹੋਇਆ ਹੈ, ਜੋ ਕਾਫੀ ਦਮਦਾਰ ਸੀ। ਟੀਜ਼ਰ ਤੋਂ ਬਾਅਦ ਹੁਣ ਪ੍ਰਸ਼ੰਸਕ 'ਗਦਰ 2' ਦੀ ਰਿਲੀਜ਼ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਅਜਿਹੇ 'ਚ ਅਮੀਸ਼ਾ ਮੰਗਲਵਾਰ ਨੂੰ ਦਰਗਾਹ 'ਤੇ ਆਪਣੀ ਫਿਲਮ ਦੀ ਸਫਲਤਾ ਲਈ ਚਾਦਰ ਚੜ੍ਹਾਉਣ ਗਈ ਸੀ।




ਇਸ ਦੌਰਾਨ ਉਨ੍ਹਾਂ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਇਸ ਵੀਡੀਓ ਨੂੰ ਲੈ ਕੇ ਅਮੀਸ਼ਾ ਨੂੰ ਸੋਸ਼ਲ ਮੀਡੀਆ 'ਤੇ ਖੂਬ ਟ੍ਰੋਲ ਕੀਤਾ ਜਾ ਰਿਹਾ ਹੈ।

ਦਰਗਾਹ 'ਤੇ ਚਾਦਰ ਚੜ੍ਹਾਉਣ ਪਹੁੰਚੀ ਅਮੀਸ਼ਾ ਅਮੀਸ਼ਾ ਪਟੇਲ ਹਾਲ ਹੀ 'ਚ ਮਾਹਿਮ ਸਥਿਤ ਦਰਗਾਹ 'ਤੇ ਗਈ ਸੀ। ਇਸ ਦੌਰਾਨ ਉਸ ਨੇ ਕਾਲੇ ਰੰਗ ਦਾ ਅਨਾਰਕਲੀ ਸੂਟ ਪਾਇਆ ਹੋਇਆ ਸੀ। ਅਦਾਕਾਰਾ ਦੇ ਸਿਰ 'ਤੇ ਦੁਪੱਟਾ ਲਿਆ ਹੋਇਆ ਸੀ। ਉੱਥੇ ਹੀ ਅਮੀਸ਼ਾ ਸਿਰ 'ਤੇ ਥਾਲੀ ਰੱਖ ਕੇ ਦਰਗਾਹ ਅੰਦਰ ਜਾਂਦੀ ਨਜ਼ਰ ਆ ਰਹੀ ਹੈ। ਵੀਡੀਓ 'ਚ ਤੁਸੀਂ ਦੇਖ ਸਕਦੇ ਹੋ ਕਿ ਉਹ ਲੋਕਾਂ ਨੂੰ ਖਾਣਾ ਵੀ ਵੰਡ ਰਹੀ ਹੈ। ਇਸ ਦੌਰਾਨ ਅਮੀਸ਼ਾ ਦੇ ਆਲੇ-ਦੁਆਲੇ ਕਾਫ਼ੀ ਭੀੜ ਦੇਖੀ ਜਾ ਸਕਦੀ ਹੈ। ਉਸ ਦੀ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਇਸ ਵੀਡੀਓ 'ਤੇ ਪ੍ਰਸ਼ੰਸਕਾਂ ਦੀ ਮਿਲੀ-ਜੁਲੀ ਪ੍ਰਤੀਕਿਰਿਆ ਮਿਲ ਰਹੀ ਹੈ।

**ਸੋਸ਼ਲ ਮੀਡੀਆ 'ਤੇ ਹੋ ਰਹੀ ਹੈ ਟ੍ਰੋਲ**

ਅਮੀਸ਼ਾ ਪਟੇਲ ਦੇ ਇਸ ਨੇਕ ਕੰਮ ਦੀ ਜਿੱਥੇ ਸੋਸ਼ਲ ਮੀਡੀਆ 'ਤੇ ਕਈ ਯੂਜ਼ਰਜ਼ ਤਾਰੀਫ ਕਰ ਰਹੇ ਹਨ, ਉੱਥੇ ਹੀ ਕਈ ਉਸ ਨੂੰ ਟ੍ਰੋਲ ਕਰਦੇ ਨਜ਼ਰ ਆ ਰਹੇ ਹਨ। ਅਜਿਹੇ 'ਚ ਅਮੀਸ਼ਾ ਨੂੰ ਟ੍ਰੋਲ ਕਰਦਿਆਂ ਕਈ ਯੂਜ਼ਰਜ਼ ਨੇ ਕਿਹਾ ਕਿ 'ਗਦਰ 2' ਫਲਾਪ ਹੋਵੇਗੀ। ਇਕ ਯੂਜ਼ਰ ਨੇ ਕੁਮੈਂਟ ਕਰਦਿਆਂ ਲਿਖਿਆ, 'ਲਗਦਾ ਹੈ ਗਦਰ 2 ਫਲਾਪ ਹੋਣ ਜਾ ਰਹੀ ਹੈ।' ਇਕ ਨੇ ਲਿਖਿਆ, 'ਰਾਮ ਮੰਦਰ ਜਾਓ। ਹੁਣ ਉਹ ਹੀ ਕੁਝ ਕਰ ਸਕਦਾ ਹੈ। ਇਕ ਹੋਰ ਯੂਜ਼ਰ ਨੇ ਲਿਖਿਆ, 'ਇਹ ਲੋਕ ਹਿੱਟ ਹੋਣ ਲਈ ਕਿਸੇ ਵੀ ਪੱਧਰ ਤੱਕ ਜਾਂਦੇ ਹਨ।' ਇਕ ਲਿਖਦਾ ਹੈ, 'ਸਕੀਨਾ ਫਿਰ ਪਾਕਿਸਤਾਨ ਚਲੇ ਗਈ।' ਇਸ ਵੀਡੀਓ 'ਤੇ ਅਜਿਹੀਆਂ ਕਈ ਹੋਰ ਟਿੱਪਣੀਆਂ ਆ ਰਹੀਆਂ ਹਨ।

# ਵਿਵਾਦਾਂ ਵਿਚਕਾਰ ਆਦਿਪੁਰਸ਼ ਦਾ ਵਧਿਆ ਕਾਰੋਬਾਰ, 400 ਕਰੋੜ ਦੇ ਨੇੜੇ



ਨਵੀਂ ਦਿੱਲੀ: ਆਦਿਪੁਰਸ਼ ਦੇਸ਼ ਭਰ ਵਿੱਚ ਵਿਵਾਦਾਂ ਦਾ ਸਾਹਮਣਾ ਕਰ ਰਹੀ ਹੈ। ਇਸ ਦੇ ਨਾਲ ਹੀ ਫਿਲਮ ਦਾ ਕਾਰੋਬਾਰ ਪੂਰੀ ਦੁਨੀਆ 'ਚ ਵਧਦਾ ਨਜ਼ਰ ਆ ਰਿਹਾ ਹੈ। ਆਦਿਪੁਰਸ਼ ਨੂੰ ਰਿਲੀਜ਼ ਹੋਏ 5 ਦਿਨ ਹੋ ਗਏ ਹਨ। ਇਸ ਦੇ ਨਾਲ ਹੀ ਫਿਲਮ ਦਾ ਵਿਸ਼ਵਵਿਆਪੀ ਕਲੈਕਸ਼ਨ 400 ਕਰੋੜ ਦੇ ਕਰੀਬ ਪਹੁੰਚ ਗਿਆ ਹੈ।

ਓਮ ਰਾਉਤ ਦੁਆਰਾ ਨਿਰਦੇਸ਼ਤ, ਆਦਿਪੁਰਸ਼ ਦੀ ਰਿਲੀਜ਼ ਤੋਂ ਪਹਿਲਾਂ, ਵਪਾਰ ਵਿਸ਼ਲੇਸ਼ਕ ਉਮੀਦ ਕਰ ਰਹੇ ਸਨ ਕਿ ਇਹ ਫਿਲਮ ਸ਼ਾਨਦਾਰ ਪ੍ਰਦਰਸ਼ਨ ਕਰੇਗੀ। ਹਾਲਾਂਕਿ, ਅਜਿਹਾ ਨਹੀਂ ਹੋਇਆ। ਵੀਕੈਂਡ ਤੋਂ ਬਾਅਦ ਇਹ ਫਿਲਮ ਪੂਰੇ ਭਾਰਤ ਵਿੱਚ ਫਲਾਪ ਹੋ ਗਈ ਪਰ ਆਦਿਪੁਰਸ਼ ਲੋਕ ਇਸ ਨੂੰ ਵਿਦੇਸ਼ਾਂ ਵਿੱਚ ਪਸੰਦ ਕਰ ਰਹੇ ਹਨ।

**ਪੰਜਵੇਂ ਦਿਨ ਕਿੰਨੇ ਕਰੋੜ ਕਮਾਏ**


ਟੀ-ਸੀਰੀਜ਼, ਆਦਿਪੁਰਸ਼ ਦੇ ਨਿਰਮਾਤਾਵਾਂ ਵਿੱਚੋਂ ਇੱਕ ਨੇ ਫਿਲਮ ਦੇ ਪੰਜ ਦਿਨਾਂ ਦੇ ਸੰਗ੍ਰਹਿ ਨੂੰ ਅਪਡੇਟ ਕੀਤਾ ਹੈ। ਦੁਨੀਆ ਭਰ 'ਚ ਫਿਲਮ ਨੇ ਪੰਜ ਦਿਨਾਂ 'ਚ 395 ਕਰੋੜ ਦਾ ਕੁਲੈਕਸ਼ਨ ਕਰ ਲਿਆ ਹੈ।

ਆਦਿਪੁਰਸ਼ ਨੇ ਹੁਣ ਤਕ ਕਿੰਨੀ ਕਮਾਈ ਕੀਤੀ ਹੈ? 16 ਜੂਨ ਨੂੰ ਰਿਲੀਜ਼ ਹੋਏ ਆਦਿਪੁਰਸ਼ ਦੇ ਹੁਣ ਤਕ ਦੇ ਕੁਲੈਕਸ਼ਨ ਦੀ ਗੱਲ ਕਰੀਏ ਤਾਂ ਫਿਲਮ ਨੇ ਪਹਿਲੇ ਦਿਨ 140 ਕਰੋੜ ਦੀ ਕੁੱਲ ਕੁਲੈਕਸ਼ਨ ਦੇ ਨਾਲ ਦੁਨੀਆ ਭਰ ਦੇ ਬਾਕਸ ਆਫਿਸ 'ਤੇ ਆਪਣਾ ਖਾਤਾ ਖੋਲ੍ਹਿਆ ਹੈ। ਇਸ ਤੋਂ ਬਾਅਦ ਆਦਿਪੁਰਸ਼ ਨੇ ਦੂਜੇ ਦਿਨ 240 ਕਰੋੜ, ਤੀਜੇ ਦਿਨ 340 ਕਰੋੜ ਅਤੇ ਚੌਥੇ ਦਿਨ 375 ਕਰੋੜ ਦੀ ਕਮਾਈ ਕੀਤੀ।




MJM
FURNITURE
Long
Weekend
Special
Sale
up to 70% OFF
This weekend only
Lots of Design
Best Quality
Best Price
Expressing
Your Interior
World
Finance Available
O.A.C
Quality Furniture for Your Home.
Come visit our showroom. Over 34,000 sq ft
of quality Fine Furniture
THREE LOCATIONS TO SERVE YOU
604-596-9901
13570 - 77th Ave., Surrey, BC
604-522-1388
#2, 1315 United Boulevard, Coquitlam BC
3057 grandview hwy vancouver,
604-454-1191


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਸਭ ਦਲੀਲਾਂ ਸੁਣ ਕੇ ਸ਼ੇਰੇ ਪੰਜਾਬ ਨੇ ਫੈਸਲਾ ਦੇਣਾ

2111 ਤੁਸੀਂ ਆਪੋ ਆਪਣੀ ਥਾਂ ਸੱਚੇ, ਫ਼ਕੀਰ ਸਾਹਿਬ ਦੀ ਮੰਨ ਸਲਾਹ ਲਈਏ।
ਤੇਲ ਵੇਖੋ ਤੇਲ ਦੀ ਧਾਰ ਵੇਖੋ, ਅਜੇ ਆਪਾਂ ਹੋਰ ਸਸਤਾ ਲਈਏ।
ਹੁਣ ਤੀਕ ਦੋਸਤਾਂ ਵਾਂਗ ਰਹੇ, ਛੱਡ ਦੁਸ਼ਮਣੀ ਦੋਸਤੀ ਪਾ ਲਈਏ।
ਹਰਚੰਦ ਸਿੰਘਾ ਲੜਾਈ ਤਾਂ ਵਸ ਆਪਣੇ, ਜਦੋਂ ਮਰਜ਼ੀ ਇਸ ਨੂੰ ਲਾ ਲਈਏ॥

2112 ਜਿਸ ਮਿੱਥ ਲਈ ਕਰਨੀ ਖ਼ੁਦਕਸ਼ੀ, ਉਹਨੂੰ ਕੋਈ ਨਹੀਂ ਬਚਾਉਣ ਵਾਲਾ।
ਜੀਵਨ ਆਪਣਾ ਉਹ ਮੁਕਾ ਲੈਂਦਾ, ਹਾਰ ਜਾਂਦਾ ਅੰਤ ਸਮਝਾਉਣ ਵਾਲਾ।
ਚਾਟੀ ਭਰਨਗੇ ਸਰਦਾਰ ਇਹ ਗੋਰਿਆਂ ਦੀ, ਪਾਊ ਲਾਹਨਤਾਂ ਸਮਾਂ ਇਹ ਆਉਣ ਵਾਲਾ।
ਹਰਚੰਦ ਸਿੰਘਾ ਸਹੇੜ ਜੋ ਲਏ ਰੋਣੇ, ਉਹਨੂੰ ਮਿਲੇ ਨਾ ਫਿਰ ਹਸਾਉਣ ਵਾਲਾ॥

### 25 ਅਪ੍ਰੈਲ 1809 ਈ: ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ਼ੇਰੇ ਪੰਜਾਬ ਨੇ ਵਕਤੀ ਤੌਰ ਤੇ ਸੰਧੀ ਕਰ ਲਈ। ਮਿਸਟਰ ਮੈਟਕਾਫ ਤੇ ਮਹਾਰਾਜਾ ਨੇ ਦਸਖਤ ਕੀਤੇ

2113 ਮੱਤ ਭੇਦ ਮਿਟਾ ਕੇ ਅੰਤ ਆਪਣੇ, ਦੋਵੇਂ ਧਿਰਾਂ ਬੈਠੀਆਂ ਆਣ ਬੇਲੀ।
ਸੰਧੀ ਕਰੀ ਲਿਖ ਲਈਆਂ ਸਭ ਸ਼ਰਤਾਂ, ਸਹੀ ਉਸ ਤੇ ਆਪਣੀ ਪਾਣ ਬੇਲੀ।
ਸਤਲੁਜ ਦਰਿਆ ਦੋਹਾਂ ਦੀ ਹੱਦ ਮੰਨੀ, ਰੌਲੇ-ਗੌਲੇ ਦੀ ਗੱਲ ਮੁਕਾਉਣ ਬੇਲੀ।
ਹਰਚੰਦ ਸਿੰਘਾ ਵਕਤੀ ਜੰਗ ਟਲ਼ੀ, ਹੱਥ ਦੋਸਤੀ ਵਾਲਾ ਮਿਲਾਉਣ ਬੇਲੀ॥

2114 ਮਿਸਲਾਂ ਛੇ ਸਰਕਾਰਾਂ ਦੇ ਸਾਥ ਹੋਈਆਂ, ਛੇ ਹੋਈਆਂ ਹੇਠ ਫਿਰੰਗੀਆਂ ਦੇ।
ਆਜ਼ਾਦ ਹੋ ਕੇ ਮੁੜ ਗੁਲਾਮ ਹੋਏ, ਪੁੱਤ ਪੋਤਰੇ ਸੂਰਮੇ ਜੰਗੀਆਂ ਦੇ।
ਪਟਿਆਲਾ, ਨਾਭਾ, ਕਰਨਾਲ ਤੇ ਜੀਂਦ ਕੈਂਥਲ, ਖੁਸ਼ੀ ਕਰਦੇ ਨਾਲ ਪਤੰਗੀਆਂ ਦੇ।
ਹਰਚੰਦ ਸਿੰਘਾ ਸਦਾ ਨਾ ਰਹਿਣ ਖਿੜੇ, ਫੁੱਲ ਰੰਗਲੇ ਮੌਸਮਾਂ ਚੰਗੀਆਂ ਦੇ॥

### ਸ਼ੇਰੇ ਪੰਜਾਬ ਨੂੰ ਅੱਠ ਸਦੀਆਂ ਤੋਂ ਅਫਗਾਨ ਵਲੋਂ ਆ ਰਹੇ ਧਾੜਵੀਆਂ ਦੇ ਹੜ੍ਹ ਨੂੰ ਸਦਾ ਲਈ ਬੰਨ੍ਹ ਲਾਉਣ ਲਈ ਵਕਤੀ ਤੌਰ ਤੇ ਅੰਗਰੇਜ਼ਾਂ ਨਾਲ ਸੰਧੀ ਕਰਨੀ ਪਈ ਅਤੇ ਆਪਣੇ ਕਾਰਜ ਨੂੰ ਅੱਗੇ ਤੋਰਿਆ

2115 ਸਦਾ ਦਿਨ ਨਾ ਸਦਾ ਹੀ ਰਹਿਣ ਰਾਤਾਂ, ਸਦਾ ਰਹਿਣ ਨਾ ਹਾੜ੍ਹ ਸਿਆਲ ਵੀਰੋ।
ਗੁੱਡੀ ਚੜ੍ਹੀ ਨਾ ਸਦਾ ਅਸਮਾਨ ਰਹਿੰਦੀ, ਸਦਾ ਰਹਿਣ ਨਾ ਮੰਦੜੇ ਹਾਲ ਵੀਰੋ।
ਘੜੀ-ਪਹਿਰ, ਸੁਬ੍ਹਾ ਨਾ ਸ਼ਾਮ ਸਦਾ, ਰਹਿਣ ਬਦਲਦੇ ਸਦੀਆਂ ਸਾਲ ਵੀਰੋ।
ਹਰਚੰਦ ਸਿੰਘਾ ਬੁਝਣ ਨਹੀਂ ਅਸਾਂ ਦੇਣੀ, ਬਲਦੀ ਰੱਖਣੀ ਸਦਾ ਮਿਸਾਲ ਵੀਰੋ॥

2116 ਜੋਸ਼-ਹੋਸ਼ ਹਥਿਆਰ ਦੋ ਸੂਰਮੇ ਦੇ, ਸਦਾ ਰੱਖੀਏ ਇਨ੍ਹਾਂ ਨੂੰ ਕੋਲ ਸਿੰਘੋ।
ਕਰੋ ਵਰਤੋਂ ਇਨ੍ਹਾਂ ਦੀ ਲੋੜ ਵੇਲੇ, ਸਾਵਾਂ ਰੱਖੋ ਇਨ੍ਹਾਂ ਦਾ ਤੋਲ ਸਿੰਘੋ।
ਜੋ ਪਿਆਰ ਦੇ ਨਾਲ ਹੀ ਬਸ ਹੋ ਜੇ, ਸਿਰਜੋ ਪਿਆਰ ਦਾ ਉੱਥੇ ਮਹੌਲ ਸਿੰਘੋ।
ਹਰਚੰਦ ਸਿੰਘਾ ਫੇਰ ਨਾ ਪਿੱਠ ਦੇਵੋ, ਜੇ ਦੇ ਦਈਏ ਕਿਸੇ ਨੂੰ ਕੌਲ ਸਿੰਘੋ॥

2117 ਗੋਰੇ ਆਏ ਚਾੜ੍ਹ ਕੇ ਪਲਟਨਾਂ ਨੂੰ, ਅੱਗੋਂ ਅਸੀਂ ਵੀ ਸੂਤੀ ਕਟਾਰ ਭਾਈ।
ਸਾਡੀ ਸ਼ਕਤੀ ਵੇਖ ਕੇ ਮੋਮ ਹੋਏ, ਲੱਥਾ ਲੜਨ ਦਾ ਝੱਟ ਬੁਖਾਰ ਭਾਈ।
ਛੱਡ ਜੰਗ ਸੁਲ੍ਹਾ ਦੀ ਮੰਗ ਕੀਤੀ, ਹੱਥ ਦੋਸਤੀ ਲਈ ਪਸਾਰ ਭਾਈ।
ਹਰਚੰਦ ਸਿੰਘਾ ਗੁਰਾਂ ਦਾ ਹੁਕਮ ਇਹੋ, ਪਹਿਲਾਂ ਕਰਨਾ ਨਹੀਂ ਹੈ ਵਾਰ ਭਾਈ॥

2118 ਵਕਤੀ ਸੰਧੀ ਫਿਰੰਗੀਆਂ ਨਾਲ ਕੀਤੀ, ਅਸਾਂ ਇਸ ਤੋਂ ਲਾਭ ਉਠਾਵਣਾ ਏ।
ਸਿੱਖ ਰਾਜ ਦੀ ਕਰ ਬੁਲੰਦ ਸੀਮਾ, ਅਸੀਂ ਮਹਾਂ ਪੰਜਾਬ ਬਣਾਵਣਾ ਏ।
ਸ਼ਕਤੀਸ਼ਾਲੀ ਕਰ ਕੇ ਫ਼ੌਜ ਆਪਣੀ, ਚੜ੍ਹ ਕਾਬਲ-ਕੰਧਾਰ ਤੱਕ ਜਾਵਣਾ ਏ।
ਲਦਾਖ, ਚੀਨ, ਨੇਪਾਲ ਦੀ ਹੱਦ ਤਾਈਂ, ਹਰਚੰਦ ਸਿੰਘਾ ਸਿੱਕਾ ਚਲਾਵਣਾ ਏ॥

2119 ਸਦੀਆਂ ਹੋ ਗਈਆਂ ਆਪਣੇ ਦੇਸ਼ ਅੰਦਰ, ਅਸੀਂ ਬੜੇ ਹੰਢਾਏ ਦੁੱਖ ਭਾਈ।
ਨਾਲ ਜ਼ੋਰ ਦੇ ਆ ਜਰਵਾਣਿਆਂ ਨੇ, ਸਾਡੇ ਛੀਨ ਲਏ ਹੱਕ ਤੇ ਸੁੱਖ ਭਾਈ।
ਲੱਖਾਂ ਜਿੰਦਾਂ ਹੋ ਕੁਰਬਾਨ ਗਈਆਂ, ਮਨਾਂ ਵਿੱਚ ਆਜ਼ਾਦੀ ਦੀ ਭੁੱਖ ਭਾਈ।
ਆਈਆਂ ਔਕੜਾਂ ਬਹੁਤ ਹਰਚੰਦ ਸਿੰਘਾ, ਪਰ ਕਿਸੇ ਨਾ ਮੋੜਿਆ ਮੁੱਖ ਭਾਈ॥

2120 ਲਈਏ ਹੱਥਲੇ ਕੰਮ ਨਬੇੜ ਪਹਿਲਾਂ, ਉੱਤਰ-ਪੱਛਮ ਆਜ਼ਾਦ ਕਰਵਾ ਲਈਏ।
ਸਤਿਲੁਜ ਤੇ ਛੱਡ ਅੰਗਰੇਜ਼ ਤਾਈਂ, ਬਲ ਆਪਣਾ ਹੋਰ ਵਧਾ ਲਈਏ।
ਫਿਰ ਲਵਾਂਗੇ ਇਨ੍ਹਾਂ ਦੀ ਖਬਰ ਆ ਕੇ, ਪੈਰ ਪੱਕੀ ਤਰ੍ਹਾਂ ਜਮਾਂ ਲਈਏ।
ਹਰਚੰਦ ਸਿੰਘਾ ਜ਼ਿੰਦਗੀ ਹੈ ਛੋਟੀ, ਸੋਚਾਂ ਵਿੱਚ ਨਾ ਸਮਾਂ ਗਵਾ ਲਈਏ॥

### ਗੋਰਖਿਆਂ ਤੋਂ ਦੂਸਰੀ ਵਾਰ ਸੰਸਾਰ ਚੰਦ ਤੇ ਕਾਂਗੜੇ ਨੂੰ ਬਚਾਉਣਾ ਅਤੇ ਉਸਨੇ ਕਿਲ੍ਹਾ ਸ਼ੇਰੇ ਪੰਜਾਬ ਦੇ ਸਪੁਰਦ ਕਰਨਾ

2121 ਸੰਨ ਅਠਾਰਾਂ ਸੌ ਸੀ ਨੌ ਆਇਆ, ਕਿਲ੍ਹਾ ਲਿਆ ਗੋਰਖਿਆਂ ਘੇਰ ਆ ਕੇ।
ਸ਼ੇਰੇ ਪੰਜਾਬ ਨੂੰ ਉਨ੍ਹਾਂ ਅਰਜ਼ ਕੀਤੀ, ਡੰਡਾ ਫੇਰ ਇਨ੍ਹਾਂ ਤੇ ਫੇਰ ਆ ਕੇ।
ਮੱਲ ਆਣ ਕੇ ਕਿਲ੍ਹਾ ਕਾਂਗੜੇ ਦਾ, ਲਾ ਵੈਰੀ ਦੇ ਵੱਢ ਕੇ ਢੇਰ ਆ ਕੇ।
ਹਰਚੰਦ ਸਿੰਘਾ ਰੱਖੋ ਫ਼ੌਜ ਇੱਥੇ, ਕਰੋ ਆਪਣੀ ਇਸ ਤੇ ਮੇਰ ਆ ਕੇ॥

2122 ਸ਼ੇਰੇ ਪੰਜਾਬ ਕਾਂਗੜੇ ਚੜ੍ਹ ਆਇਆ, ਡੰਕੇ ਜੰਗ ਦੇ ਆਣ ਵਜਾ ਦਿੱਤੇ।
ਜ਼ੋਰ ਲਾਇਆ ਬੜਾ ਹੀ ਗੋਰਖਿਆਂ, ਹੱਥ ਆਪਣੇ ਉਨ੍ਹਾਂ ਵਿਖਾ ਦਿੱਤੇ।
ਸਿੰਘਾਂ ਅੱਗੇ ਗਈ ਨਾ ਪੇਸ਼ ਕੋਈ, ਵੱਢ ਵੱਢ ਕੇ ਢੇਰ ਲਗਾ ਦਿੱਤੇ।
ਹਰਚੰਦ ਸਿੰਘਾ ਐਸੀ ਮਾਰ ਮਾਰੀ, ਸਦਾ ਵਾਸਤੇ ਉਹ ਭਜਾ ਦਿੱਤੇ॥

2123 ਦੇਸਾ ਸਿੰਘ ਸਰਦਾਰ ਮਜੀਠੀਏ ਨੂੰ, ਕਿਲੇਦਾਰ ਗਵਰਨਰ ਲਾ ਦਿੱਤਾ।
ਲੋੜ੍ਹ ਜਿੰਨੀ ਉਸਨੂੰ ਫ਼ੌਜ ਦੇ ਕੇ, ਸਿੱਖ ਰਾਜ ਦਾ ਝੰਡਾ ਝੁਲਾ ਦਿੱਤਾ।
ਇਸ ਪਾਸਿਓਂ ਮੁੜ ਨਾ ਹੋਏ ਹਮਲਾ, ਦਬਦਬਾ ਸਰਕਾਰ ਨੇ ਪਾ ਦਿੱਤਾ।
ਹਰਚੰਦ ਸਿੰਘਾ ਐਸੀ ਮਾਰ ਮਾਰੀ, ਨਿੱਤ ਨਿੱਤ ਦਾ ਜੱਭ ਮੁਕਾ ਦਿੱਤਾ॥

### ਸੰਨ 1812 ਦੇ ਅਰੰਭ ਵਿੱਚ ਸ਼ਾਹਜਾਦਾ ਖੜ੍ਹਗ ਸਿੰਘ ਦੀ ਸ਼ਾਦੀ ਹੋਣੀ

2124 ਖੜਗ ਸਿੰਘ ਦਾ ਹੋਣ ਵਿਆਹ ਲੱਗਾ, ਦੂਰੋਂ ਦੂਰੋਂ ਚੱਲ ਮਹਿਮਾਨ ਆਏ।
ਰਾਜਾ ਨਾਭਾ, ਪਟਿਆਲਾ, ਜੀਂਦ, ਕੈਂਥਲ, ਕਾਂਗੜਾ, ਕਸ਼ਮੀਰ, ਮੁਲਤਾਨ ਆਏ।
ਸਰ ਅਕਟਰ ਲੋਨੀ ਅੰਗਰੇਜ਼ ਵਲੋਂ, ਹੋਰ ਸਰਦਾਰ ਤੇ ਬੜੇ ਸੁਲਤਾਨ ਆਏ।
ਸ਼ੇਰੇ ਪੰਜਾਬ ਦੀ ਮਹਿਮਾਨ ਨਿਵਾਜ਼ੀ ਦਾ, ਹਰਚੰਦ ਸਿੰਘਾ ਲੁਤਫ਼ ਉਠਾਣ ਆਏ॥

2125 ਜਨੇਤ ਚੜ੍ਹ ਲਹੌਰ ਤੋਂ ਜਦ ਚੱਲੀ, ਤੋਪਾਂ ਅੱਗੋਂ ਸਲਾਮੀ ਦੇਂਦੀਆਂ ਨੇ।
ਬਸਤਰ ਕੀਮਤੀ ਪਾਏ ਸਾਰਿਆਂ ਨੇ, ਝਿਲਮਿਲ ਝਿਲਮਿਲ ਲਿਸ਼ਕਾਂ ਪੈਂਦੀਆਂ ਨੇ।
ਰੱਥ, ਘੋੜੇ, ਸ਼ਿੰਗਾਰੇ ਊਂਠ ਹਾਥੀ, ਵਾਜੇ ਢੋਲਕਾਂ ਸਾਹ ਨਾ ਲੈਂਦੀਆਂ ਨੇ।
ਹਰਚੰਦ ਸਿੰਘਾ ਧਨ ਦੀ ਹੋਈ ਵਰਖਾ, ਆਤਿਸ਼ਬਾਜ਼ੀਆਂ ਅੰਬਰੀ ਖਹਿੰਦੀਆਂ ਨੇ॥

2126 ਫ਼ਤਿਹਗੜ੍ਹ (ਗੁਰਦਾਸਪੁਰ) ਸੀ ਜਾ ਬਰਾਤ ਢੁੱਕੀ, ਜੈਮਲ ਸਿੰਘ ਘਨੱਈਏ ਦੇ ਦਰ ਬੇਲੀ।
ਕਸਰ ਛੱਡੀ ਨਾ ਅੱਗੋਂ ਘਨੱਈਏ ਨੇ, ਹੈਰਾਨ ਦਿੱਤੇ ਜਨੇਤੀ ਨੇ ਕਰ ਬੇਲੀ।
ਉਤਾਰਾ ਕੀਤਾ ਵੱਖਰਾ ਸਾਰਿਆਂ ਦਾ, ਸਜਾਏ ਖ਼ੂਬ ਮਹਿਮਾਨਾਂ ਦੇ ਘਰ ਬੇਲੀ।
ਹਰਚੰਦ ਸਿੰਘਾ ਧੁੰਮਾਂ ਪੈ ਗਈਆਂ, ਹੋਏ ਦੁਨੀਆਂ ਵਿੱਚ ਖਬਰ ਬੇਲੀ॥

2127 ਡੋਲਾ ਚੱਲ ਲਾਹੌਰ ਸੀ ਆਣ ਪਹੁੰਚਾ, ਚੰਦ ਕੌਰ ਨੂੰ ਮੁੜੇ ਵਿਆਹ ਕੇ ਜੀ।
ਨਿਊਂਦਾ ਪਿਆ ਨਾਲ ਨਜ਼ਰਾਨਿਆਂ ਦਾ, ਸ਼ਗਨ ਕੀਤੇ ਘੋੜੀਆਂ ਗਾ ਕੇ ਜੀ।
ਅਕਟਰ ਲੋਨੀ ਵੇਖ ਹੈਰਾਨ ਹੋਇਆ, ਸ਼ੇਰੇ ਪੰਜਾਬ ਦੀ ਚੜ੍ਹਤ ਨੂੰ ਪਾ ਕੇ ਜੀ।
ਹਰਚੰਦ ਸਿੰਘਾ ਹੋ ਵਿਦਾ ਚੱਲੇ, ਰੰਗ ਰਲੀਆਂ ਸਭ ਮਨਾ ਕੇ ਜੀ॥

### ਅਹਿਮਦ ਸ਼ਾਹ ਅਬਦਾਲੀ ਦੀਆਂ ਪੋਤ ਨੂੰਹਾਂ ਤੇ ਬੱਚਿਆਂ ਨੇ ਸ਼ੇਰੇ ਪੰਜਾਬ ਦੀ ਸ਼ਰਨ ਲਹੌਰ ਆਉਣਾ

2128 ਕਰੋ ਮਾਨ ਨਾ ਕਦੇ ਵੀ ਤਾਕਤਾਂ ਤੇ, ਮਾੜਾ ਹਉਮੈ, ਹੰਕਾਰ, ਗੁਮਾਨ ਲੋਕੋ।
ਸਦਾ ਡਰੀਏ ਪਰਵਦਗਾਰ ਕੋਲੋਂ, ਤੋੜ ਦੇਂਵਦਾ ਸਭ ਅਭਿਮਾਨ ਲੋਕੋ।
ਸ਼ਾਹ ਮਹਿਮੂਦ ਨੇ ਕਾਬਲੋਂ ਕੱਢ ਮਾਰੇ, ਸ਼ਾਹ ਸੁਜਾਤ ਤੇ ਸ਼ਾਹ ਜ਼ਮਾਨ ਲੋਕੋ।
ਹਰਚੰਦ ਸਿੰਘਾ ਚੱਲ ਲਹੌਰ ਆਏ, ਬੱਚੇ ਬੇਗਮਾਂ ਲੈ ਕੇ ਜਾਣ ਲੋਕੋ॥

2129 ਸ਼ੇਰੇ ਪੰਜਾਬ ਦਿਆਲੂ ਬਾਦਸ਼ਾਹ ਨੇ, ਸੱਚੇ ਸਿੱਖ ਦਾ ਫਰਜ਼ ਨਿਭਾਇਆ ਏ।
ਅਹਿਮਦ ਸ਼ਾਹ ਜੋ ਅੱਤਿਆਚਾਰ ਕੀਤੇ, ਉਹਨੇ ਉਨ੍ਹਾਂ ਤਾਈਂ ਭੁਲਾਇਆ ਏ।
'ਮੁਬਾਰਕ ਹਵੇਲੀ' ਲਖਪਤ ਰਾਇ ਵਾਲੀ, ਉਤਾਰਾ ਉਸ ਦੇ ਵਿੱਚ ਲਵਾਇਆ ਏ।
ਅਜ਼ੀਜ਼ੁਉਦੀਨ ਨੂੰ ਆਖ ਹਰਚੰਦ ਸਿੰਘਾ, ਹਰ ਤਰ੍ਹਾਂ ਦਾ ਸੁੱਖ ਦਵਾਇਆ ਏ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523



Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


Bank Turndown?
Could be just
what you need!
Quick
Private
Funds
$10,000 to
$1 Million in
just 24 Hours
Up to $5 Million
Available
Call today to get started
SANJEEV KATYAL
604.767.5194
Info@katyalmortgage.ca
invis
Canada's Mortgage Experts™
WWW.KATYALMORTGAGE.CA

# ਸਿਹਤਮੰਦ ਖ਼ੁਰਾਕ ਦੇ ਨੁਕਤੇ ਅਤੇ ਖਾਣ ਦੀਆਂ ਆਦਤਾਂ

1. ਦਿਨ ਵਿੱਚ 1-2 ਵਾਰ ਜ਼ਿਆਦਾ ਖਾਣ ਨਾਲੋਂ 3-4 ਜਾਂ 5 ਵਾਰ ਘੱਟ ਮਿਕਦਾਰ ਵਿੱਚ ਖਾਣਾ ਖਾਓ।
2. ਪਾਣੀ: ਸਰੀਰ ਦੇ ਠੀਕ ਕੰਮ-ਕਾਰ ਕਰਨ ਲਈ ਦਿਨ ਵਿੱਚ 6-8 ਗਲਾਸ ਪਾਣੀ ਪੀਣਾ ਬਹੁਤ ਜ਼ਰੂਰੀ ਹੈ।






3. ਚਰਬੀ:- ਫ਼ਾਇਦੇਮੰਦ ਚਰਬੀ ਦੇ ਸ੍ਰੋਤ: ਮੂੰਗਫਲੀ, ਜੈਤੂਨ ਦਾ ਤੇਲ (ਔਲਿਵ), ਵੈਜੀਟੇਬਲ ਤੇਲ, ਬੀਜ, ਨੱਟਸ, ਐਵੋਕੈਡੋ ਵਰਤੋਂ ਵਿੱਚ ਲਿਆਓ। ਨੁਕਸਾਨਦਾਇਕ ਚਰਬੀ ਦੇ ਸ੍ਰੋਤ: ਮੱਖਣ, ਸਲਾਦ ਡਰੈਸਿੰਗ, ਮਾਰਜੇਰੀਨ, ਨਾਰੀਅਲ ਦਾ ਤੇਲ, ਪਾਮ ਦਾ ਤੇਲ, ਮੇਓਨੀਜ਼ ਤੋਂ ਪਰਹੇਜ਼ ਕਰੋ।
4. ਦਹੀਂ : ਦਹੀਂ ਵਿੱਚ ਪ੍ਰੋਟੀਨ, ਕੈਲਸ਼ੀਅਮ, ਪ੍ਰੋ-ਬਾਇਓਟਿਕ (ਬੈਕਟੀਰੀਆ ਜੋ ਪਾਚਣ ਵਿੱਚ ਸਹਾਈ ਹੁੰਦਾ ਹੈ) ਕਾਫ਼ੀ ਮਾਤਰਾ ਵਿੱਚ ਹੁੰਦੇ ਹਨ।
5. ਗੁੜ: ਚੀਨੀ ਨਾਲੋਂ ਗੁੜ, ਮਿੱਠੇ ਦਾ ਜ਼ਿਆਦਾ ਵਧੀਆ ਸ੍ਰੋਤ ਹੈ। ਗੁੜ ਸੀਲੇਨੀਅਮ ਦਾ ਇੱਕ ਵਧੀਆ ਸ੍ਰੋਤ ਹੈ।
6. 65 ਸਾਲ ਦੀ ਉਮਰ ਤੋਂ ਵੱਧ: ਰੋਜ਼ਾਨਾ ਕੈਲਸ਼ੀਅਮ ਅਤੇ ਵਿਟਾਮਿਨ ਡੀ ਲਵੋ (ਕਰੀਬ 1500 ਐਮ.ਜੀ. ਕੈਲਸ਼ੀਅਮ ਅਤੇ 400-600 ਆਈ.ਯੂ. ਵਿਟਾਮਿਨ-ਡੀ)।
7. ਮੱਕੀ (ਕੌਰਨ) : ਇਹ ਖਾਣੇ ਦੇ ਫ਼ਾਈਬਰ, ਵਿਟਾਮਿਨ-ਬੀ-1, ਬੀ-5, ਵਿਟਾਮਿਨ-ਸੀ, ਫ਼ੋਲਿਕ ਐਸਿਡ, ਅਤੇ ਫਾਸਫੋਰਸ ਦਾ ਇੱਕ ਵਧੀਆ ਸ੍ਰੋਤ ਹੈ।
8. ਵੱਖ-ਵੱਖ ਕਿਸਮਾਂ ਦੇ ਭੋਜਨ ਖਾਓ, ਜਿਵੇਂ ਕਿ ਹਰੀਆਂ ਸਬਜ਼ੀਆਂ, ਫਲ, ਦੁੱਧ, ਦਹੀਂ, ਚਾਵਲ ਅਤੇ ਬਰਾਊਨ ਬ੍ਰੈੱਡ ਵਗ਼ੈਰਾ। ਜੇ ਤੁਸੀਂ ਮਾਸਾਹਾਰੀ ਹੋ ਤਾਂ ਆਂਡੇ ਅਤੇ ਮੀਟ ਖਾ ਸਕਦੇ ਹੋ।
9. ਮਿੱਠਾ ਘੱਟ ਲਓ। ਮਿੱਠੇ ਵਿੱਚ ਵਿਟਾਮਿਨ ਅਤੇ ਫ਼ਾਈਬਰ ਆਦਿ ਨਹੀਂ ਹੁੰਦੇ।
10. ਨਮਕ ਘੱਟ ਖਾਓ ਕਿਉਂਕਿ ਨਮਕ ਨਾਲ ਬਲੱਡ ਪ੍ਰੈਸ਼ਰ ਵਧਦਾ ਹੈ ਅਤੇ ਸਰੀਰ ਵਿੱਚ ਪਾਣੀ ਜਮ੍ਹਾਂ ਹੁੰਦਾ ਹੈ।
11. ਜ਼ਿਆਦਾ ਪਾਣੀ ਪੀਓ।
12. ਘੱਟ ਚਰਬੀ ਵਾਲੇ ਖਾਣੇ ਖਾਓ, ਕਿਉਂਕਿ ਚਰਬੀ ਵਿੱਚ ਬਾਕੀ ਖਾਣਿਆਂ ਨਾਲੋਂ ਦੋ ਗੁਣਾ ਕੈਲਰੀਜ਼ ਹੁੰਦੀਆਂ ਹਨ ਅਤੇ ਇਸ ਨਾਲ ਭਾਰ ਵਧਦਾ ਹੈ।
13. ਸਿਹਤਮੰਦ ਭੋਜਨ ਦੇ ਨਾਲ ਕਸਰਤ ਵੀ ਕਰੋ।
14. ਸ਼ਰਾਬ ਨਾ ਪੀਓ ਕਿਉਂਕਿ ਇਸ ਵਿੱਚ ਕੈਲਰੀਜ਼ ਜ਼ਿਆਦਾ ਅਤੇ ਹੋਰ ਸਿਹਤਮੰਦ ਤੱਤ ਘੱਟ ਹੁੰਦੇ ਹਨ।
15. ਖਾਣਾ ਘੱਟ ਮਿਕਦਾਰ ਵਿਚ ਅਤੇ ਦਿਨ ਵਿਚ ਕਈ ਵਾਰ ਖਾਣ ਨਾਲ, ਖਾਣਾ ਚੰਗੀ ਤਰ੍ਹਾਂ ਪਚ ਜਾਂਦਾ ਹੈ।

## ਸ਼ਾਕਾਹਾਰੀ ਭੋਜਨ

ਧਾਰਮਿਕ, ਸੱਭਿਆਚਾਰਿਕ, ਵਾਤਾਵਰਣ ਜਾਂ ਸਿਹਤ ਦੇ ਕਾਰਨਾਂ ਕਰਕੇ ਜ਼ਿਆਦਾ ਤੋਂ ਜ਼ਿਆਦਾ ਲੋਕ ਸ਼ਾਕਾਹਾਰੀ ਹੋ ਰਹੇ ਹਨ। ਪਿਛਲੇ ਕੁਝ ਸਮੇਂ ਤੋਂ, ਖ਼ਾਸ ਤੌਰ। ਤੇ ਪੱਛਮੀ ਦੇਸ਼ਾਂ ਵਿੱਚ ਸ਼ਾਕਾਹਾਰੀ ਭੋਜਨ ਬਹੁਤ ਪ੍ਰਚੱਲਿਤ ਹੋ ਰਿਹਾ ਹੈ। ਸ਼ਾਕਾਹਾਰੀ ਭੋਜਨ ਜ਼ਿਆਦਾ ਸਿਹਤਮੰਦ ਮੰਨਿਆ ਜਾਂਦਾ ਹੈ, ਕਿਉਂਕਿ ਇਸ ਵਿੱਚ ਚਰਬੀ ਘੱਟ ਅਤੇ ਫ਼ਾਈਬਰ ਜ਼ਿਆਦਾ ਹੁੰਦੇ ਹਨ। ਬਹੁਤ ਸਾਰੀਆਂ ਖੋਜਾਂ ਨੇ ਇਹ ਸਿੱਧ ਕੀਤਾ ਹੈ ਕਿ ਸ਼ਾਕਾਹਾਰੀ ਵਿਅਕਤੀ ਵੱਧ ਉਮਰ ਭੋਗਦੇ ਹਨ ਅਤੇ ਉਹਨਾਂ ਮੋਟਾਪੇ ਨਾਲ ਸੰਬੰਧਿਤ ਬਿਮਾਰੀਆਂ ਵੀ ਘੱਟ ਲੱਗਦੀਆਂ ਹਨ। ਜੇਕਰ ਥੋੜਾ ਧਿਆਨ ਰੱਖਿਆ ਜਾਵੇ ਤਾਂ ਸ਼ਾਕਾਹਾਰੀ ਭੋਜਨ ਵਿੱਚ ਸਾਰੇ ਜ਼ਰੂਰੀ ਤੱਤ ਮਿਲ ਜਾਂਦੇ ਹਨ। ਸ਼ਾਕਾਹਾਰੀ ਭੋਜਨ ਕਾਰਬੋਹਾਈਡ੍ਰੇਟਸ ਨਾਲ ਭਰਪੂਰ ਹੁੰਦਾ ਹੈ, ਪਰ ਕੁਝ ਵਿਟਾਮਿਨਾਂ ਅਤੇ ਮਿਨਰਲਾਂ ਦੀ ਘਾਟ ਵੀ ਹੋ ਸਕਦੀ ਹੈ। ਇਸ ਕਰਕੇ ਅਲੱਗ ਅਲੱਗ ਖਾਣੇ ਸਹੀ ਮਾਤਰਾ ਵਿੱਚ ਖਾਣ ਨਾਲ ਸ਼ਾਕਾਹਾਰੀ ਭੋਜਨ ਸੰਤੁਲਿਤ ਹੋ ਸਕਦਾ ਹੈ।

ਸ਼ੁੱਧ ਸ਼ਾਕਾਹਾਰੀ ਭੋਜਨ ਵਿੱਚ ਹੇਠ ਲਿਖੇ ਤੱਤ ਘੱਟ ਹੋ ਸਕਦੇ ਹਨ :

1. ਪ੍ਰੋਟੀਨ : ਪ੍ਰੋਟੀਨ ਸਰੀਰਕ ਅੰਗਾਂ ਦੇ ਵਾਧੇ ਅਤੇ ਰੱਖ ਰਖਾਓ ਲਈ ਜ਼ਰੂਰੀ ਹੈ। ਪ੍ਰੋਟੀਨ ਦਾ ਸ਼ਾਕਾਹਾਰੀ ਸ੍ਰੋਤ ਪਨੀਰ, ਦੁੱਧ, ਮਟਰ, ਬੀਨਜ਼, ਲੈਂਟਿਲ, ਡਰਾਈ ਫ਼ਰੂਟ, ਨੱਟਸ, ਸੋਇਆਬੀਨ, ਟੋਫੂ, ਵੈਜੀ-ਬਰਗਰ ਹਨ।
2. ਵਿਟਾਮਿਨ-ਬੀ-12 : ਵਿਟਾਮਿਨ-ਬੀ-12 ਆਮ ਤੌਰ 'ਤੇ ਸਬਜ਼ੀਆਂ ਅਤੇ ਪੱਤਿਆਂ ਵਿੱਚ ਨਹ ਪਾਇਆ ਜਾਂਦਾ। ਇਹ ਵਿਟਾਮਿਨ, ਖ਼ੂਨ ਦੇ ਸੈੱਲਾਂ ਬਣਾਉਣ ਵਿੱਚ ਅਤੇ ਦਿਮਾਗ ਦੀਆਂ ਨਸਾਂ ਦੇ ਠੀਕ ਕੰਮ ਕਰਨ ਵਿੱਚ ਸਹਾਇਕ ਹੈ। ਵਿਟਾਮਿਨ-ਬੀ-12 ਦਾ ਸ੍ਰੋਤ ਸੋਇਆਬੀਨ, ਸੋਇਆ ਦੁੱਧ ਅਤੇ ਵਿਟਾਮਿਨ ਦੀਆਂ ਗੋਲੀਆਂ ਹਨ।
3. ਵਿਟਾਮਿਨ-ਡੀ : ਵਿਟਾਮਿਨ-ਡੀ ਹੱਡੀਆਂ ਦੀ ਸਿਹਤ ਲਈ ਲੋੜਦਾ ਹੈ। ਵਿਟਾਮਿਨ-ਡੀ ਦੇ ਸਰੀਰ ਵਿੱਚ ਪੈਦਾ ਹੋਣ ਲਈ ਸੂਰਜ ਦੀ ਧੁੱਪ ਦਾ ਸੁਚਾਰੂ ਰੂਪ ਵਿੱਚ ਮਿਲਣਾ ਜ਼ਰੂਰੀ ਹੈ। ਦੁੱਧ ਇਸ ਵਿਟਾਮਿਨ ਦਾ ਵਧੀਆ ਸ੍ਰੋਤ ਹੈ।
4. ਕੈਲਸ਼ੀਅਮ: ਹੱਡੀਆਂ ਅਤੇ ਦੰਦਾਂ ਦੀ ਮਜ਼ਬੂਤੀ ਲਈ ਕੈਲਸ਼ੀਅਮ ਬਹੁਤ ਜ਼ਰੂਰੀ ਹੈ। ਸ਼ਾਕਾਹਾਰੀ ਵਿਅਕਤੀਆਂ ਲਈ ਕੈਲਸ਼ੀਅਮ ਦੇ ਸ੍ਰੋਤ ਹਨ: ਸ਼ਾਕਾਹਾਰੀ ਵਿਅਕਤੀਆਂ ਲਈ ਕੈਲਸ਼ੀਅਮ ਦੇ ਸ੍ਰੋਤ ਹਨ: ਸੰਤਰੇ ਦਾ ਜੂਸ, ਸੋਇਆ ਦੁੱਧ, ਹਰੀਆਂ ਪੱਤੇਦਾਰ ਸਬਜ਼ੀਆਂ ਅਤੇ ਦੁੱਧ।
5. ਆਇਰਨ (ਲੋਹਾ) : ਖ਼ੂਨ ਦੇ ਸੈੱਲਾਂ ਨੂੰ ਬਣਾਉਣ ਲਈ ਆਇਰਨ ਬਹੁਤ ਜ਼ਰੂਰੀ ਹੈ। ਸ਼ਾਕਾਹਾਰੀ ਵਿਅਕਤੀਆਂ ਲਈ ਆਇਰਨ ਦੇ ਸ੍ਰੋਤ ਹਨ : ਨਾਸ਼ਤੇ ਦੇ ਸੀਰੀਅਲ, ਪਾਲਕ, ਦਾਲਾਂ, ਪੂਰੇ ਆਟੇ ਨਾਲ ਬਣੀ ਬ੍ਰੈੱਡ, ਅਤੇ ਡਰਾਈ ਫ਼ਰੂਟ ਜਿਵੇਂ ਕਿ ਸੌਗੀ।
6. ਫ਼ੈਟੀ ਐਸਿਡ : ਸ਼ਾਕਾਹਾਰੀ ਖਾਣੇ ਵਿੱਚ ਓਮੇਗਾ-3 ਫ਼ੈਟੀ ਐਸਿਡ ਦੇ ਸ੍ਰੋਤ ਹਨ : ਅਲਸੀ, ਸੋਇਆ, ਅਖਰੋਟ ਅਤੇ ਪੱਤੇਦਾਰ ਸਬਜ਼ੀਆਂ ਜਿਵੇਂ ਕਿ ਪਾਲਕ, ਪੱਤਗੋਭੀ ਅਤੇ ਸਲਾਦ ਪੱਤਾ।









# ਸੁੰਦਰਤਾ ਦੀ ਸ਼ੁਭਚਿੰਤਕ ਹੈ ਵਿਟਾਮਿਨ 'ਸੀ'



ਵਿਟਾਮਿਨ 'ਸੀ' ਦੇ ਨਾਲ ਇਕ ਖ਼ਾਸ ਗੱਲ ਇਹ ਹੈ ਕਿ ਇਸ ਨਾਲ ਤਿਆਰ ਕੋਈ ਵੀ ਲੋਸ਼ਨ, ਕ੍ਰੀਮ ਜਾਂ ਸੀਰਮ ਨੂੰ ਸਹੀ ਢੰਗ ਨਾਲ ਵਰਤਣ ਦੀ ਜ਼ਰੂਰਤ ਹੁੰਦੀ ਹੈ। ਜੇਕਰ ਲੋਸ਼ਨ ਜਾਂ ਸੀਰਮ ਦੀ ਬੋਤਲ ਖੁੱਲ੍ਹੀ ਹੋਵੇ ਤਾਂ ਪਾਣੀ, ਹਵਾ ਅਤੇ ਗਰਮੀ ਦੇ ਸੰਪਰਕ ਵਿਚ ਆਉਂਦਿਆਂ ਹੀ ਇਸ ਦੇ ਪ੍ਰਭਾਵ ਵਿਚ ਕਮੀ ਆ ਜਾਂਦੀ ਹੈ। ਕਲੀਂਜਿੰਗ ਮਿਲਕ ਨਾਲ ਚਿਹਰਾ ਸਾਫ਼ ਕਰਨ ਤੋਂ ਬਾਅਦ ਸਨਸਕ੍ਰੀਨ ਲਗਾਓ। ਸਨਸਕ੍ਰੀਨ ਜਾਂ ਵਿਟਾਮਿਨ 'ਸੀ' ਵਾਲੀ ਸਕਿਨ ਸੀਰਮ, 30-40 ਫ਼ੀਸਦੀ ਕੁਦਰਤੀ ਸਨ-ਪ੍ਰੋਟਕਸ਼ਨ ਦਾ ਕੰਮ ਕਰਦਾ ਹੈ। ਨਿੰਬੂ, ਆੜੂ ਵਰਗੇ ਫਲਾਂ ਤੋਂ ਬਣੇ ਮਾਈਸਚਰਾਈਜ਼ਰ ਤੇਲ ਵਾਲੀਆਂ ਗ੍ਰੰਥੀਆਂ ਨੂੰ ਕੰਟਰੋਲ ਕਰਦੇ ਹਨ। ਨੈਰੋਲੀ, ਲੈਮਨ ਜਾਂ ਓਰੇਂਜ ਅਸੈਂਸ਼ੀਅਲ ਆਇਲ ਦੀਆਂ ਦੋ ਬੂੰਦਾਂ ਬਾਡੀ ਲੋਸ਼ਨ ਜਾਂ ਫੇਸ ਕ੍ਰੀਮ ਵਿਚ ਵਰਤੋਂ ਕਰੋ, ਤਾਂ ਕੁਝ ਹੀ ਦਿਨਾਂ ਵਿਚ ਚਿਹਰੇ ਦੀਆਂ ਰੇਖਾਵਾਂ ਦੂਰ ਹੋਣਗੀਆਂ। ਇਸ ਤੋਂ ਇਲਾਵਾ ਤੁਸੀਂ ਇਨ੍ਹਾਂ ਅਸੈਂਸ਼ੀਅਲ ਆਇਲਜ਼ ਦੀਆਂ ਕੁਝ ਬੂੰਦਾਂ ਵੀ ਪਾ ਸਕਦੇ ਹੋ। ਇਸ ਨਾਲ ਕੁਝ ਹੀ ਹਫ਼ਤਿਆਂ ਵਿਚ ਚਮੜੀ ਵਿਚ ਕਸਾਵਟ ਮਹਿਸੂਸ ਹੋਵੇਗੀ। ਬ੍ਰਾਈਟਨਿੰਗ ਵਿਟਾਮਿਨ 'ਸੀ' ਸੀਰਮ ਵਿਚ 3 ਤਰ੍ਹਾਂ ਦੇ ਵਿਟਾਮਿਨ 'ਸੀ' ਦੀ ਵਰਤੋਂ ਹੁੰਦੀ ਹੈ। ਰਾਤ ਨੂੰ ਇਸ ਨੂੰ ਲਗਾ ਕੇ ਸੌਣ ਨਾਲ ਚਿਹਰੇ ਦੀਆਂ ਝੁਰੜੀਆਂ ਅਤੇ ਛਾਈਆਂ 'ਤੇ ਸਕਾਰਾਤਮਕ ਪ੍ਰਭਾਵ ਪੈਂਦਾ ਹੈ। ਸਵੇਰੇ ਕੋਸ਼ਿਕਾਵਾਂ ਦੇ ਦੁਬਾਰਾ ਜੀਵਤ ਹੋਣ ਦੀ ਵਜ੍ਹਾ ਕਰਕੇ ਚਮੜੀ ਜਵਾਨ ਅਤੇ ਖ਼ੂਬਸੂਰਤ ਦਿਖਾਈ ਦਿੰਦੀ ਹੈ। ਵਿਟਾਮਿਨ 'ਸੀ' ਨੂੰ ਵਾਟਰ ਸੋਲਿਉਬਲ ਭਾਵ ਘੁਲਣਸ਼ੀਲ ਗੁਣ ਭਰਪੂਰ ਕਿਹਾ ਜਾਂਦਾ ਹੈ। ਇਹ ਚਮੜੀ ਲਈ ਸੁਰੱਖਿਅਤ ਮੰਨੀ ਜਾਂਦੀ ਹੈ। ਪਰ ਇਸ ਦੀ ਚਮੜੀ 'ਤੇ ਜ਼ਿਆਦਾ ਵਰਤੋਂ ਨਹੀਂ ਕੀਤੀ ਜਾ ਸਕਦੀ। ਵਿਟਾਮਿਨ 'ਸੀ' ਚਮੜੀ 'ਤੇ ਕਲੀਂਜਿੰਗ ਏਜੰਟ ਦਾ ਕੰਮ ਤਾਂ ਕਰੇਗੀ, ਪਰ ਉਦੋਂ ਰੁੱਖੀ ਚਮੜੀ ਹੋਰ ਵੀ ਰੁੱਖੀ ਹੋ ਜਾਵੇਗੀ। ਇਸ ਲਈ ਇਸ ਨੂੰ ਪਿਓਰ ਨਹੀਂ, ਕਿਸੇ ਵੀ ਚੀਜ਼ ਨਾਲ ਮਿਲਾ ਕੇ ਵਰਤੋਂ ਕਰੋ। ਜਿਵੇਂ ਨਿੰਬੂ ਦਾ ਰਸ ਅਤੇ ਸ਼ਹਿਦ। ਨਿੰਬੂ ਦਾ ਰਸ ਅਤੇ ਟਮਾਟਰ। ਨਿੰਬੂ ਦਾ ਰਸ ਅਤੇ ਵੇਸਣ। ਇਹ ਚਮੜੀ ਦੀਆਂ ਤੇਲ ਵਾਲੀਆਂ ਗ੍ਰੰਥੀਆਂ ਨੂੰ ਵਾਧੂ ਸਰਗਰਮ ਹੋਣ ਤੋਂ ਰੋਕਦੀ ਹੈ। ਵਿਟਾਮਿਨ 'ਸੀ' ਵਿਚ ਮੌਜੂਦ ਐਂਟੀ ਆਕਸੀਡੈਂਟ ਕੋਲੇਜਨ ਬਣਾਉਣ ਵਿਚ ਇਸ ਦੀ ਭੂਮਿਕਾ ਨੂੰ ਖ਼ਾਸ ਬਣਾਉਂਦਾ ਹੈ। ਚਮੜੀ ਦੀਆਂ ਕੋਸ਼ਿਕਾਵਾਂ ਦੇ ਨਿਰਮਾਣ ਵਿਚ ਵਿਟਾਮਿਨ 'ਸੀ' ਬੜਾ ਉਪਯੋਗੀ ਹੈ। ਇਸ 'ਤੇ ਹੋਈ ਖੋਜ ਦੱਸਦੀ ਹੈ ਕਿ ਵਿਟਾਮਿਨ 'ਸੀ', ਸੂਰਜ ਦੀਆਂ ਕਿਰਨਾਂ ਤੋਂ ਪ੍ਰਭਾਵਿਤ ਚਮੜੀ 'ਤੇ ਖ਼ਾਸ ਅਸਰ ਕਰਦੀ ਹੈ। ਵਿਟਾਮਿਨ 'ਸੀ' ਅਤੇ ਜ਼ਿੰਕ ਇਸ ਤਰ੍ਹਾਂ ਦੇ ਪੌਸ਼ਟਿਕ ਤੱਤ ਹੁੰਦੇ ਹਨ, ਜੋ ਚਮੜੀ ਦੇ ਟੋਨ ਨੂੰ ਸੁਧਾਰਦੇ ਹਨ। ਰੈਸ਼ੇਜ਼, ਮੁਹਾਂਸੇ, ਝੁਰੜੀਆਂ ਅਤੇ ਸਨਬਰਨ ਦੀ ਸਥਿਤੀ ਵਿਚ ਸੁਧਾਰ ਹੁੰਦਾ ਹੈ। ਇਹ ਚਮੜੀ ਨੂੰ ਅਲਟ੍ਰਾਵਾਇਲਟ ਕਿਰਨਾਂ ਤੋਂ ਸੁਰੱਖਿਅਤ ਅਤੇ ਸਿਹਤਮੰਦ ਬਣਾਈ ਰੱਖਦੀ ਹੈ। ਵਿਟਾਮਿਨ 'ਸੀ' ਨੂੰ ਐਸਕੋਰਬਿਕ ਐਸਿਡ ਵੀ ਕਿਹਾ ਜਾਂਦਾ ਹੈ, ਜੋ ਕੋਲੇਜਨ ਬਣਾਉਣ ਵਿਚ ਮਦਦ ਕਰਦਾ ਹੈ। ਇਹ ਕੋਲੇਜਨ ਇਕ ਤਰ੍ਹਾਂ ਦਾ ਪ੍ਰੋਟੀਨ ਹੈ, ਜੋ ਚਮੜੀ ਦੀਆਂ ਕੋਸ਼ਿਕਾਵਾਂ ਅਤੇ ਖ਼ੂਨ ਨਾੜੀਆਂ ਨੂੰ ਬਣਨ ਵਿਚ ਮਦਦ ਕਰਦਾ ਹੈ। ਇਸ ਨਾਲ ਚਮੜੀ ਦਾ ਰੰਗ ਸਾਫ਼ ਹੁੰਦਾ ਹੈ ਅਤੇ ਉਸ ਨੂੰ ਮਜ਼ਬੂਤੀ ਮਿਲਦੀ ਹੈ।

**ਬ੍ਰਾਈਟਨਿੰਗ ਵਿਟਾਮਿਨ 'ਸੀ' ਸੀਰਮ ਵਿਚ 3 ਤਰ੍ਹਾਂ ਦੇ ਵਿਟਾਮਿਨ 'ਸੀ' ਦੀ ਵਰਤੋਂ ਹੁੰਦੀ ਹੈ। ਰਾਤ ਨੂੰ ਇਸ ਨੂੰ ਲਗਾ ਕੇ ਸੌਣ ਨਾਲ ਚਿਹਰੇ ਦੀਆਂ ਝੁਰੜੀਆਂ ਅਤੇ ਛਾਈਆਂ 'ਤੇ ਸਕਾਰਾਤਮਕ ਪ੍ਰਭਾਵ ਪੈਂਦਾ ਹੈ। ਸਵੇਰੇ ਕੋਸ਼ਿਕਾਵਾਂ ਦੇ ਦੁਬਾਰਾ ਜੀਵਤ ਹੋਣ ਦੀ ਵਜ੍ਹਾ ਕਰਕੇ ਚਮੜੀ ਜਵਾਨ ਅਤੇ ਖ਼ੂਬਸੂਰਤ ਦਿਖਾਈ ਦਿੰਦੀ ਹੈ। ਵਿਟਾਮਿਨ 'ਸੀ' ਨੂੰ ਵਾਟਰ ਸੋਲਿਉਬਲ ਭਾਵ ਘੁਲਣਸ਼ੀਲ ਗੁਣ ਭਰਪੂਰ ਕਿਹਾ ਜਾਂਦਾ ਹੈ। ਇਹ ਚਮੜੀ ਲਈ ਸੁਰੱਖਿਅਤ ਮੰਨੀ ਜਾਂਦੀ ਹੈ।**

## ਮਾਹਮਾਰੀ ਦੇ ਦਿਨਾਂ ਦੌਰਾਨ ਔਰਤਾਂ ਦਾ ਖ਼ਾਸ ਧਿਆਨ ਰੱਖਣ ਦੀ ਜ਼ਰੂਰਤ

ਮਾਹਮਾਰੀ (ਪੀਰੀਅਡਸ) ਦੌਰਾਨ ਔਰਤਾਂ ਨੂੰ ਛੁੱਟੀ ਦੇਣ ਦੀ ਗੱਲ ਕੀਤੀ ਜਾ ਰਹੀ ਹੈ, ਇਹ ਉਨ੍ਹਾਂ ਔਰਤਾਂ ਲਈ ਸਹੀ ਹੈ, ਜਿਨ੍ਹਾਂ ਨੂੰ ਬਹੁਤ ਦਰਦ ਹੁੰਦਾ ਹੈ ਪਰ ਪੀਰੀਅਡ ਦੌਰਾਨ ਛੁੱਟੀ ਦੇਣ ਦੀ ਬਜਾਇ ਜੇਕਰ ਔਰਤਾਂ ਚੰਗੀ ਸਹੂਲਤ ਅਤੇ ਆਰਾਮ ਦਿੱਤਾ ਜਾਵੇ ਤਾਂ ਇਹ ਉਨ੍ਹਾਂ ਲਈ ਹੋਰ ਵੀ ਫਾਇਦੇਮੰਦ ਹੋਵੇਗਾ। ਇਨ੍ਹੀਂ ਦਿਨੀਂ ਹਾਰਮੋਨਲ ਬਦਲਾਅ ਕਾਰਨ ਔਰਤਾਂ ਦੇ ਵਿਵਹਾਰ 'ਚ ਕਈ ਬਦਲਾਅ ਆਉਂਦੇ ਹਨ। ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਮਾਨਸਿਕ ਅਤੇ ਸਰੀਰਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਔਰਤਾਂ ਲਈ ਵਧੀਆ ਸਹੂਲਤਾਂ, ਵਧੀਆ ਭੋਜਨ, ਪੌਸ਼ਟਿਕ ਆਹਾਰ, ਸਾਫ਼-ਸੁਥਰੀ ਸੁਰੱਖਿਆ, ਇੱਜ਼ਤ, ਆਰਾਮ ਅਤੇ ਚੰਗੀ ਸਿਹਤ ਦਾ ਪ੍ਰਬੰਧ ਕਰੇ। ਉਨ੍ਹਾਂ ਲਈ ਹਰ ਜਗ੍ਹਾ ਚੰਗੇ ਅਤੇ ਸਾਫ਼-ਸੁਥਰੇ ਬਾਥਰੂਮ ਬਣਾਏ ਜਾਣੇ ਚਾਹੀਦੇ ਹਨ, ਜਿਥੇ ਸਫ਼ਾਈ ਦਾ ਪੂਰਾ ਧਿਆਨ ਰੱਖਿਆ ਜਾਵੇ, ਹੱਥ ਧੋਣ ਲਈ ਤਰਲ ਸਾਬਣ ਰੱਖਣਾ ਚਾਹੀਦਾ ਹੈ, ਨਾਲੇ ਡਸਟਬਿਨ ਵੀ ਰੱਖੇ ਜਾਣ ਤਾਂ ਜੋ ਔਰਤਾਂ ਆਪਣੇ ਵਰਤੇ ਹੋਏ ਪੈਡ ਇਸ ਵਿਚ ਸੁੱਟ ਸਕਣ। ਉਨ੍ਹਾਂ ਲਈ ਮੁਫ਼ਤ ਪੈਡਾਂ ਦਾ ਵੀ ਪ੍ਰਬੰਧ ਕੀਤਾ ਜਾਵੇ। ਔਰਤਾਂ ਲਈ ਬਹੁਤ ਜ਼ਰੂਰੀ ਵਸਤਾਂ ਸਸਤੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਕਿਉਂਕਿ ਇਹ ਬਹੁਤ ਮਹਿੰਗੀਆਂ ਹੁੰਦੀਆਂ ਹਨ। ਇਸ ਗੱਲ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਉਹ ਛੁੱਟੀਆਂ ਔਰਤਾਂ ਦੀ ਪੜ੍ਹਾਈ, ਕੰਮ ਜਾਂ ਤਰੱਕੀ ਵਿਚ ਕਿਸੇ ਕਿਸਮ ਦੀ ਰੁਕਾਵਟ ਤਾਂ ਨਹੀਂ ਬਣ ਰਹੀਆਂ। ਵੈਸੇ ਵੀ ਸਿ ਮੁੱਦੇ ਨਾਲੋਂ ਔਰਤਾਂ ਨਾਲ ਜੁੜੇ ਹੋਰ ਵੀ ਅਹਿਮ ਮਸਲੇ ਅਤੇ ਸਮੱਸਿਆਵਾਂ ਹਨ, ਜਿਨ੍ਹਾਂ ਦੇ ਹੱਲ ਲਈ ਸਰਕਾਰ ਨੂੰ ਠੋਸ ਕਦਮ ਚੁੱਕਣੇ ਚਾਹੀਦੇ ਹਨ। ਜਿਵੇਂ-ਜਿਵੇਂ ਉਸ ਦੀ ਸੁਰੱਖਿਆ ਲਈ ਬਹੁਤ ਜ਼ਰੂਰੀ ਅਤੇ ਚੰਗੇ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਉਹ ਹਰ ਜਗ੍ਹਾ ਬਿਨਾਂ ਕਿਸੇ ਡਰ ਦੇ ਆ-ਜਾ ਸਕੇ। ਇਸ ਦੇ ਨਾਲ ਹੀ ਮਰਦਾਂ ਨੂੰ ਵੀ ਚਾਹੀਦਾ ਹੈ ਕਿ ਔਰਤਾਂ ਦੀਆਂ ਸਮੱਸਿਆਵਾਂ ਅਤੇ ਮੁਸ਼ਕਿਲਾਂ ਨੂੰ ਸਮਝਣ, ਉਨ੍ਹਾਂ ਦਾ ਸਮਰਥਨ, ਮਦਦ ਅਤੇ ਦੇਖਭਾਲ ਕਰਨ। ਉਨ੍ਹਾਂ ਨੂੰ ਆਰਾਮ ਦਿੱਤਾ ਜਾਣਾ ਚਾਹੀਦਾ ਹੈ। ਜੇਕਰ ਔਰਤਾਂ ਨੂੰ ਬਹੁਤ ਜ਼ਿਆਦਾ ਦਰਦ ਅਤੇ ਤਕਲੀਫ਼ ਹੁੰਦੀ ਹੈ ਤਾਂ ਉਨ੍ਹਾਂ ਦੇ ਸਕੂਲਾਂ, ਕਾਲਜਾਂ ਅਤੇ ਦਫਤਰਾਂ ਵਿਚ ਹਰ ਥਾਂ ਸਿਹਤ ਸਹੂਲਤਾਂ ਅਤੇ ਅਜਿਹੇ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ, ਜਿਥੇ ਉਹ ਥੋੜ੍ਹਾ ਆਰਾਮ ਕਰ ਸਕਣ। ਕਿਸੇ ਵੀ ਔਰਤ ਨਾਲ ਕਿਸੇ ਵੀ ਤਰ੍ਹਾਂ ਦਾ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ। ਸਾਰੀਆਂ ਔਰਤਾਂ ਨੂੰ ਸਨਮਾਨ ਦੀ ਨਜ਼ਰ ਨਾਲ ਦੇਖਿਆ ਜਾਣਾ ਚਾਹੀਦਾ ਹੈ ਤਾਂ ਜੋ ਉਹ ਮਜ਼ਬੂਤ ਹੋ ਸਕਣ ਅਤੇ ਹਰ ਮੁਸ਼ਕਿਲ ਦਾ ਸਾਹਮਣਾ ਕਰਨ ਦੀ ਹਿੰਮਤ ਰੱਖ ਸਕਣ।






# 'ਕੈਰੀ ਆਨ ਜੱਟਾ-3' ਦੁਨੀਆ ਭਰ ਵਿਚ ਹੋਈ ਰਿਲੀਜ਼

ਪੰਜਾਬੀ ਫ਼ਿਲਮ 'ਕੈਰੀ ਆਨ ਜੱਟਾ 3' ਦੀ ਇਨ੍ਹੀਂ ਦਿਨੀਂ ਦੇਸ਼-ਵਿਦੇਸ਼ਾਂ 'ਚ ਧੂਮ ਹੈ। ਫ਼ਿਲਮ ਦੀ ਪ੍ਰਮੋਸ਼ਨ ਵੱਡੇ ਪੱਧਰ 'ਤੇ ਹੋਈ ਅਤੇ ਅੱਜ ਇਹ ਫ਼ਿਲਮ ਵੀ ਵੱਡੇ ਪੱਧਰ 'ਤੇ ਦੁਨੀਆ ਭਰ 'ਚ ਰਿਲੀਜ਼ ਹੋ ਚੁੱਕੀ ਹੈ। ਲੰਡਨ 'ਚ ਫ਼ਿਲਮਾਈ ਗਈ ਇਹ ਫ਼ਿਲਮ ਕਾਮੇਡੀ ਤੇ ਡਰਾਮੇ ਨਾਲ ਭਰਪੂਰ ਹੈ। ਇਸ ਫ਼ਿਲਮ 'ਚ



ਗਿੱਪੀ ਗਰੇਵਾਲ, ਬੀਨੂੰ ਢਿੱਲੋਂ, ਸੋਨਮ ਬਾਜਵਾ, ਗੁਰਪ੍ਰੀਤ ਘੁੱਗੀ, ਜਸਵਿੰਦਰ ਭੱਲਾ, ਕਰਮਜੀਤ ਅਨਮੋਲ, ਕਵਿਤਾ ਕੌਸ਼ਿਕ, ਸ਼ਿੰਦਾ ਗਰੇਵਾਲ, ਨਾਸੀਰ ਚਿਨਓਟੀ, ਹਾਰਬੀ ਸੰਘਾ, ਬੀ. ਐੱਨ. ਸ਼ਰਮਾ ਤੇ ਰੁਪਿੰਦਰ ਰੂਪੀ ਅਹਿਮ ਕਿਰਦਾਰਾਂ 'ਚ ਹਨ। ਦੱਸ ਦਈਏ ਕਿ ਫ਼ਿਲਮ 'ਕੈਰੀ ਆਨ ਜੱਟਾ 3' ਨੂੰ ਗਿੱਪੀ ਗਰੇਵਾਲ ਤੇ ਉਨ੍ਹਾਂ ਦੀ ਪਤਨੀ ਰਵਨੀਤ ਕੌਰ ਗਰੇਵਾਲ ਵਲੋਂ ਪ੍ਰੋਡਿਊਸ ਕੀਤਾ ਗਿਆ ਹੈ। ਫ਼ਿਲਮ ਨੂੰ ਸਮੀਪ ਕੰਗ ਨੇ ਡਾਇਰੈਕਟ ਕੀਤਾ ਹੈ, ਜਿਸ ਦੀ ਕਹਾਣੀ ਤੇ ਸਕ੍ਰੀਨਪਲੇਅ ਵੈਭਵ ਸੁਮਨ ਤੇ ਸ਼ਰਿਆ ਸ੍ਰੀਵਾਸਤਵ ਨੇ ਲਿਖਿਆ ਹੈ। ਦੱਸਣਯੋਗ ਹੈ ਕਿ 'ਕੈਰੀ ਆਨ ਜੱਟਾ' 1 ਤੇ 2 ਉਹ ਪੰਜਾਬੀ ਫ਼ਿਲਮਾਂ ਹਨ, ਜਿਨ੍ਹਾਂ ਨੂੰ ਪੰਜਾਬੀ ਫ਼ਿਲਮਾਂ ਦਾ ਇਕ ਇਤਿਹਾਸ ਰਚਦਿਆਂ ਪੰਜਾਬੀ 'ਚ ਕਾਮੇਡੀ ਫ਼ਿਲਮਾਂ ਦਾ ਦੌਰ ਸ਼ੁਰੂ ਕੀਤਾ ਸੀ। ਫ਼ਿਲਮ ਦੀ ਕਹਾਣੀ ਦੇ ਨਾਲ-ਨਾਲ ਇਸ ਦਾ ਸੰਗੀਤ ਵੀ ਦਰਸ਼ਕਾਂ ਨੂੰ ਪਸੰਦ ਆ ਰਿਹਾ ਹੈ।



ਇਸ ਦਾ ਸੰਗੀਤ ਨਾਮਵਾਰ ਜੋੜੀ ਬੀ ਪਰਾਕ ਤੇ ਜਾਨੀ ਨੇ ਤਿਆਰ ਕੀਤਾ ਹੈ, ਜੋ ਪਹਿਲਾਂ ਹੀ ਦਰਸ਼ਕਾਂ ਦੀ ਕਸਵੱਟੀ 'ਤੇ ਖਰਾ ਉਤਰ ਚੁੱਕੇ ਹਨ। ਨਿਰਦੇਸ਼ਕ ਸਮੀਪ ਕੰਗ ਨੇ ਦੱਸਿਆ ਕਿ ਇਸ ਫ਼ਿਲਮ ਨੂੰ ਸਿਰਫ਼ ਪੰਜਾਬ ਜਾਂ ਪੰਜਾਬੀ ਦਰਸ਼ਕਾਂ ਤੱਕ ਹੀ ਸੀਮਤ ਨਹੀਂ ਰੱਖਿਆ ਗਿਆ, ਸਗੋਂ ਇਸ ਨੂੰ ਦੁਨੀਆ ਭਰ ਦੇ ਸਿਨੇਮਾ ਪ੍ਰੇਮੀਆਂ ਲਈ ਬਣਾਇਆ ਗਿਆ ਹੈ। ਇਹ ਫ਼ਿਲਮ ਪੰਜਾਬੀ ਸਿਨੇਮਾ ਦਾ ਦਾਇਰਾ ਹੋਰ ਵੱਡਾ ਕਰਨ ਦਾ ਦਮ ਰੱਖਦੀ ਹੈ।





# ਸੋਨਮ ਕਪੂਰ ਦੀ 'ਬਲਾਈਂਡ' 7 ਜੁਲਾਈ ਨੂੰ ਹੋਵੇਗੀ ਰਿਲੀਜ਼

ਮੁੰਬਈ-ਅਦਾਕਾਰਾ ਸੋਨਮ ਕਪੂਰ ਫਿਲਮ 'ਬਲਾਈਂਡ' ਨਾਲ ਫਿਲਮਾਂ ਵਿੱਚ ਵਾਪਸੀ ਕਰਨ ਜਾ ਰਹੀ ਹੈ। ਇਹ ਫਿਲਮ ਅਗਲੇ ਮਹੀਨੇ ਅਦਾਕਾਰਾ ਦੇ ਜਨਮ ਦਿਨ ਤੋਂ ਦੋ ਦਿਨ ਪਹਿਲਾਂ 7 ਜੁਲਾਈ ਨੂੰ ਜੀਓ ਸਿਨੇਮਾ 'ਤੇ ਰਿਲੀਜ਼ ਕੀਤੀ ਜਾਵੇਗੀ। ਇਸ ਐਲਾਨ ਮਗਰੋਂ ਸੋਨਮ ਦੇ ਪ੍ਰਸ਼ੰਸਕਾਂ ਨੇ ਵੀ ਖੁਸ਼ੀ ਜ਼ਾਹਰ ਕੀਤੀ ਹੈ। ਇੱਕ ਨੇ ਸੋਸ਼ਲ ਮੀਡੀਆ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ, 'ਵਾਹ...ਮੈਂ ਉਸ ਨੂੰ ਦੁਬਾਰਾ ਦੇਖਣ ਦੀ ਉਡੀਕ ਵਿੱਚ ਹਾਂ।' ਇੱਕ ਹੋਰ ਨੇ ਕਿਹਾ, 'ਇਹ ਫਿਲਮ ਦਿਲਚਸਪ ਲੱਗ ਰਹੀ ਹੈ।' ਸ਼ੋਮ ਮਖੀਜਾ ਵੱਲੋਂ ਨਿਰਦੇਸ਼ਿਤ ਇਸ ਫਿਲਮ ਵਿੱਚ ਸੋਨਮ ਤੋਂ ਇਲਾਵਾ ਪੂਰਬ ਕੋਹਲੀ, ਵਿਨੈ ਪਾਠਕ, ਲਿਲਟ ਦੂਬੇ ਤੇ ਸ਼ੁਭਮ ਸਰਾਫ਼ ਵੀ ਅਹਿਮ ਭੂਮਿਕਾਵਾਂ ਵਿੱਚ ਨਜ਼ਰ ਆਉਣਗੇ। ਹਾਲ ਹੀ ਵਿੱਚ ਫਿਲਮ ਦੇ ਨਿਰਮਾਤਾਵਾਂ ਨੇ ਫਿਲਮ ਦੀ ਪਹਿਲੀ ਝਲਕ ਵੀ ਸਾਂਝੀ ਕੀਤੀ ਹੈ। ਸਾਂਝੀ ਕੀਤੀ ਗਈ ਇੱਕ ਤਸਵੀਰ ਵਿੱਚ ਸੋਨਮ ਕਪੂਰ ਹੱਥ ਵਿੱਚ ਇੱਕ ਬੰਦੂਕ ਫੜੀ ਦਿਖਾਈ ਦੇ ਰਹੀ ਹੈ ਤੇ ਉਸ ਨੇ ਕਾਲੇ ਰੰਗ ਦੇ ਕੱਪੜੇ ਪਹਿਨੇ ਹੋਏ ਹਨ।' ਇਹ ਫਿਲਮ ਜੀਓ ਸਟੂਡੀਓਜ਼ ਵੱਲੋਂ ਆਰਵੀ ਮੋਸ਼ਨ ਪਿਕਚਰਜ਼, ਲੀਡ ਫਿਲਮਜ਼ ਅਤੇ ਕ੍ਰੌਸ ਪਿਕਚਰਜ਼ ਪ੍ਰੋਡਕਸ਼ਨ ਨਾਲ ਰਲ ਕੇ ਤਿਆਰ ਕੀਤੀ ਗਈ ਹੈ।

# ਸਾਲ ਵਿਚ ਸਿਰਫ਼ ਇਕ ਫ਼ਿਲਮ ਹੀ ਕਰੇਗੀ ਅਨੁਸ਼ਕਾ ਸ਼ਰਮਾ

ਲੰਮੇ ਸਮੇਂ ਤੋਂ ਅਨੁਸ਼ਕਾ ਸ਼ਰਮਾ ਵੱਡੇ ਪਰਦੇ ਤੋਂ ਗ਼ਾਇਬ ਹੈ। ਮਾਂ ਬਣਨ ਤੋਂ ਬਾਅਦ ਉਸ ਨੇ ਫ਼ਿਲਮਾਂ ਤੋਂ ਬ੍ਰੇਕ ਲੈ ਲਿਆ ਸੀ। ਫ਼ਿਲਮ 'ਜ਼ੀਰੋ' (2018) ਵਿਚ ਸ਼ਾਹਰੁਖ ਖਾਨ ਨਾਲ ਨਜ਼ਰ ਆਉਣ ਤੋਂ ਬਾਅਦ ਪਿਛਲੇ ਸਾਲ ਉਹ ਫ਼ਿਲਮ 'ਕਾਲਾ' (2022) ਦੇ ਇਕ ਕੈਮਿਓ ਵਿਚ ਬਾਬਿਲ ਖਾਨ ਅਤੇ ਤ੍ਰਿਪਤ ਡਿਮਰੀ ਨਾਲ ਨਜ਼ਰ ਆਈ ਸੀ। ਅਨੁਸ਼ਕਾ ਇਕ ਵਾਰ ਫਿਰ ਕੰਮ 'ਤੇ ਆ ਗਈ ਹੈ। ਚਾਰ ਸਾਲ ਬਾਅਦ ਅਨੁਸ਼ਕਾ ਸਾਬਕਾ ਭਾਰਤੀ ਕ੍ਰਿਕਟ ਖਿਡਾਰਨ ਝੂਲਣ ਗੋਸਵਾਮੀ ਦੇ ਜੀਵਨ 'ਤੇ ਬਣ ਰਹੀ ਫ਼ਿਲਮ 'ਚਕਦਾ ਐਕਸਪ੍ਰੈੱਸ' ਨਾਲ ਵੱਡੇ ਪਰਦੇ 'ਤੇ ਵਾਪਸੀ ਕਰ ਰਹੀ ਹੈ। ਫ਼ਿਲਮ ਨੂੰ ਇਸੇ ਸਾਲ ਦੇ ਅਖ਼ੀਰ ਤੱਕ ਨੈੱਟਫਲਿਕਸ 'ਤੇ ਰਿਲੀਜ਼ ਕੀਤਾ ਜਾਵੇਗਾ। ਇਸੇ ਨਾਲ ਅਨੁਸ਼ਕਾ ਸ਼ਰਮਾ ਨੇ ਇਕ ਵੱਡਾ ਐਲਾਨ ਕਰਦੇ ਹੋਏ ਕਿਹਾ ਹੈ ਕਿ ਉਹ ਹੁਣ ਸਾਲ ਵਿਚ ਸਿਰਫ਼ ਇਕ ਹੀ ਫ਼ਿਲਮ ਕਰਿਆ ਕਰੇਗੀ। ਬੈਂਗਲੁਰੂ ਵਿਚ ਇਕ ਸਮਾਗਮ ਵਿਚ ਬੋਲਦੇ ਹੋਏ ਅਨੁਸ਼ਕਾ ਨੇ ਕਿਹਾ, 'ਮੈਨੂੰ ਐਕਟਿੰਗ ਵਿਚ ਸਭ ਤੋਂ ਜ਼ਿਆਦਾ ਅਨੰਦ ਆਉਂਦਾ ਹੈ, ਪਰ ਹੁਣ ਮੈਂ ਪਹਿਲਾਂ ਦੀ ਤਰ੍ਹਾਂ ਬਹੁਤ ਸਾਰੀਆਂ ਫ਼ਿਲਮਾਂ ਨਹੀਂ ਕਰਨਾ ਚਾਹੁੰਦੀ। ਹੁਣ ਮੈਂ ਸਾਲ ਵਿਚ ਇਕ ਫ਼ਿਲਮ ਕਰਦੇ ਹੋਏ ਐਕਟਿੰਗ ਦੇ ਉਸ ਰੁਝਾਨ ਦਾ ਮਜ਼ਾ ਲੈਣਾ ਚਾਹੁੰਦੀ ਹਾਂ ਜੋ ਮੈਨੂੰ ਪਸੰਦ ਹੈ। ਇਸ ਤਰ੍ਹਾਂ ਮੈਂ ਪਰਿਵਾਰ ਨੂੰ ਸਮਾਂ ਦਿੰਦੇ ਹੋਏ ਆਪਣੀ ਜ਼ਿੰਦਗੀ ਨੂੰ ਸੰਤੁਲਿਤ ਬਣਾਉਣ ਦੀ ਕੋਸ਼ਿਸ਼ ਕਰਨਾ ਚਾਹੁੰਦੀ ਹਾਂ।' ਉਸ ਨੇ ਅੱਗੇ ਕਿਹਾ ਕਿ ਹੁਣ ਉਹ ਬਸ ਉਹੀ ਚੀਜ਼ਾਂ ਕਰਨਾ ਚਾਹੁੰਦੀ ਹੈ ਜੋ ਉਸ ਨੂੰ ਖ਼ੁਸ਼ੀ ਵੀ ਦੇਣ ਤੇ ਸਹੀ ਵੀ ਲੱਗਣ। ਆਪਣੇ ਐਕਟਿੰਗ ਦੇ ਕੰਮ ਵਿਚ ਕਟੌਤੀ ਦੇ ਐਲਾਨ ਦੇ ਨਾਲ ਹੀ ਅਨੁਸ਼ਕਾ ਸ਼ਰਮਾ ਨੇ ਇਹ ਵੀ ਐਲਾਨ ਕੀਤਾ ਕਿ ਉਹ ਹੁਣ ਆਪਣੇ ਬੈਨਰ 'ਕਲੀਨ ਸਲੇਟ ਫ਼ਿਲਮਜ਼' ਦੇ ਫ਼ਰਜ਼ਾਂ ਤੋਂ ਵੀ ਪੂਰੀ ਤਰ੍ਹਾਂ ਹਟ ਜਾਵੇਗੀ ਅਤੇ ਹੁਣ ਇਸ ਕੰਪਨੀ ਦਾ ਭਾਰ ਉਸ ਦੇ ਭਰਾ ਦੇ ਮੋਢਿਆਂ 'ਤੇ ਹੋਵੇਗਾ। ਅਨੁਸ਼ਕਾ ਸ਼ਰਮਾ ਨੇ ਇਕ ਲੰਮੇ ਪ੍ਰੇਮ ਪ੍ਰਸੰਗ ਤੋਂ ਬਾਅਦ 2017 ਵਿਚ ਭਾਰਤੀ ਕ੍ਰਿਕਟ ਖਿਡਾਰੀ ਵਿਰਾਟ ਕੋਹਲੀ ਨਾਲ ਵਿਆਹ ਕਰਾਇਆ ਸੀ। ਉਸ ਤੋਂ ਚਾਰ ਸਾਲ ਬਾਅਦ ਜਨਵਰੀ 2021 ਵਿਚ ਉਸ ਦੇ ਬੇਟੀ ਵਾਮਿਕਾ ਨੇ ਜਨਮ ਲਿਆ ਸੀ। ਅਨੁਸ਼ਕਾ ਸ਼ਰਮਾ ਨੇ ਆਪਣੇ ਐਕਟਿੰਗ ਕਰੀਅਰ ਦੀ ਸ਼ੁਰੂਆਤ ਯਸ਼ਰਾਜ ਫ਼ਿਲਮਜ਼ ਦੀ ਸ਼ਾਹਰੁਖ ਖਾਨ ਨਾਲ ਫ਼ਿਲਮ 'ਰੱਬ ਨੇ ਬਨਾ ਦੀ ਜੋੜੀ' (2008) ਵਿਚ ਕੀਤੀ ਸੀ। ਇਸ ਤੋਂ ਬਾਅਦ ਉਸ ਨੇ 'ਬਦਮਾਸ਼ ਕੰਪਨੀ' (2010), 'ਬੈਂਡ ਬਾਜਾ ਬਾਰਾਤ' (2010), 'ਪੀਕੇ' (2014), 'ਐਨ.ਐਚ.10' (2015), 'ਬਾਂਬੇ ਵੈਲਵੇਟ' (2015) 'ਸੁਲਤਾਨ' (2016), 'ਐ ਦਿਲ ਹੈ ਮੁਸ਼ਕਿਲ' (2016), 'ਫਿਲੌਰੀ' (2017), 'ਸੰਜੂ' (2018) ਅਤੇ 'ਜ਼ੀਰੋ' (2018) ਵਰਗੀਆਂ ਫ਼ਿਲਮਾਂ ਵਿਚ ਕੰਮ ਕੀਤਾ ਸੀ।




# ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

SURREY
(604) 502 - 0441
FAX (604) 502-0417
5-8430 128TH ST.
SURREY, BC
V3W 4G3
MON-FRI 8 AM - 8 PM
SATURDAY 9 AM - 6 PM
SUNDAY 9 AM - 5 PM

VANCOUVER
(604) 325 - 1241
FAX (604) 325-1414
4038 KNIGHT ST.
VANCOUVER, BC
V5N 5Y7
MON-FRI 9 AM - 8 PM
SATURDAY 9 AM - 5 PM
SUNDAY 9 AM - 5 PM

ICBC autoplan
OPEN 7 DAYS
www.goldkeyinsurance.ca


fruiticana hee jaana!
HAPPY CANADA DAY
LOWEST PRICES IN TOWN
EXTRA EXTRA SUPER SPECIAL
Available Only at Fruiticana
Rajan Haden or Ataulfo Mangoes 4 kg
ਰਾਜਨ ਅੰਬ ਹੈਡਨ ਅਤੇ ਅਟੈਲਫੋ
$14.99 box
EXTRA SUPER SUPER SPECIAL
Red Seedless Grapes
ਅੰਗੂਰ ਲਾਲ (ਬਿਨਾਂ ਬੀਜ ਤੋਂ)
$1.49 lb
Desi Karela
ਦੇਸੀ ਕਰੇਲਾ
$1.79 lb
SUPER SPECIAL
Cherries
ਚੈਰੀਆਂ
$1.99 lb
SUPER SPECIAL
Red, Yellow & Orange Peppers
ਸ਼ਿਮਲਾ ਮਿਰਚਾਂ (ਲਾਲ,ਪੀਲੀਆਂ ਅਤੇ ਸੰਤਰੀ)
99¢ lb
SUPER SPECIAL
Okra Extra Fancy
ਭਿੰਡੀ ਐਕਸਟਰਾ ਫੈਂਸੀ
$2.48 lb
Chickpeas
ਚਿੱਟੇ ਛੋਲੇ
99¢ lb
Green Cardamom (Elaichi) IBG
ਹਰੀ ਇਲਾਇਚੀ
$13.99 lb
SUPER SPECIAL
Yellow Onions 50 lbs
ਪੀਲੇ ਗੰਢੇ
$26.99 bag
SUPER SPECIAL
Spinach
ਪਾਲਕ
99¢ bunch
SUPER SPECIAL
Red Onions 25 lbs
ਲਾਲ ਗੰਢੇ
$18.98 bag
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box
Russet Potatoes Snoboy 10 lbs USA #1
ਆਲੂ ਰਸਟ ਸਨੋਬੁਆਏ ਯੂ.ਐਸ. #1
$5.98 bag
Petha Kadhu
ਪੇਠਾ ਕੱਦੂ
99¢ lb
Fresh Ginger
ਤਾਜ਼ਾ ਅਦਰਕ
$2.89 lb
English Cucumbers
ਇੰਗਲਿਸ਼ ਖੀਰੇ
2 for $1.50
Almonds #1
ਬਦਾਮ
$3.98 lb
Rooh Afza Indian 750 ml
ਰੂਹ ਅਫਜ਼ਾ
$3.99 bottle
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #1
99¢ lb
Gala Apples
ਗਾਲਾ ਸੇਬ
$1.49 lb
Fresh English Peas
ਤਾਜ਼ਾ ਇੰਗਲਿਸ਼ ਮਟਰ
$1.98 lb
Cilantro
ਧਣੀਆ
2 bunches for $1.50
Nanak Desi Ghee 800 g
ਨਾਨਕ ਘਿਓ
$13.49 ea.
Black Chana, Chana Dal & Red Lentil Whole Red Lentil Split 4 lbs (Indican)
ਕਾਲੇ ਛੋਲੇ, ਛੋਲੇ ਦੀ ਦਾਲ, ਮਸਰਾਂ ਦੀ ਸਾਬਤ ਦਾਲ, ਧੋਤੀ ਮਸਰਾਂ ਦੀ ਦਾਲ (ਇੰਡੀਕੈਂਨ)
$3.98 bag
Roma Tomatoes
ਰੋਮਾ ਟਮਾਟਰ
$1.49 lb
Fresh Garlic
ਤਾਜ਼ਾ ਲਸਣ
$1.49 lb
Indian Eggplants
ਦੇਸੀ ਬਤਾਊਂ
$1.49 lb
Fresh BC Tinda
ਬੀਸੀ ਤਾਜ਼ੇ ਟੀਂਡੇ
$1.98 lb
Nanak Rasmalai
ਨਾਨਕ ਰਸਮਲਾਈ ਅਸੌਟਡ
$8.79 pkg.
Product images may differ from the actual product.
Thur June 29, 2023 - Wed July 05, 2023
We reserve the right to limit the quantities while they last
Specials valid for Lower Mainland only
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana SINCE 1994
BUSINESS HOURS 9 AM - 9 PM 7 DAYS A WEEK
Newton 13783 72nd Ave. Surrey 604-590-2080
Newton 13174 64th Ave. Surrey 604-598-9220
Scott Road 12047 80th Ave. Surrey 604-591-5032
Scott Road 104-7028 120th St. 604-590-8864
Cedar Hills 12867 96th Ave. Surrey 604-588-6620
Fleetwood 101-15933 Fraser Hwy 604-593-5163
Fleetwood 15230 84 Ave. 236-317-6272
Surrey 12990 72nd Ave. 604-503-5510
Surrey 12788 76A Ave. Surrey 604-597-1676
Surrey 16788 64 Ave. 604-372-2023
Surrey 101-7228 192St. 604-575-3750
New Westminster 101-331 6th St. 604-395-3595
Abbotsford 2785 Bourquin Crescent W. 604-744-0328
Abbotsford 31205 Maclure Rd. 604-504-5877
Port Coquitlam 2807 Shaughnessy St. 604-464-0822
Vancouver 6257 Fraser St. 604-321-9931
Richmond 4101 No.5 Rd. 604-244-9520